ਬਾਬ-46

## ਦੂਜੀ ਉਦਾਸੀ। ਭਾਗ –2

# ਲੰਕਾ ਤੋਂ ਪਰਤਦਿਆਂ– ਬੁਰਹਾਨਪੁਰ ਤਕ

ਲੰਕਾ ਤੋਂ ਪਰਤੇ ਚਕ੍ਰਵਰਤੀ ਗੁਰੁ- ਤਮਿਲ ਦੇਸ ਵਿਚ (ਸਾਲ ਤਕਰੀਬਨ 1515 ਈ.)

**ਨਾਗਾਪਟਨਮ** - ਜਾਫਨਾ ਤੋਂ ਨਾਗਾਪਟੀਨਮ ਦਾ 125 ਕਿ.ਮੀ. ਦਾ ਸਫਰ ਗੁਰੂ ਸਾਹਿਬ ਨੇ ਸਮੁੰਦਰੀ ਬੇੜੇ ਰਾਂਹੀ ਕੀਤਾ। ਨਾਗਾਪਟੀਨਮ ਬਹੁਤ ਹੀ ਵੱਡੀ ਬੰਦਰਗਾਹ ਸੀ; ਹਿੰਦੁਸਤਾਨ ਦੀਆਂ ਚਾਰ ਵੱਡੀਆਂ ਬੰਦਰਗਾਹਾਂ ਵਿਚੋਂ ਇਕ। ਕਾਰੋਬਾਰ ਦੀ ਵੱਡੀ ਹਲਚਲ ਇਥੇ ਗੁਰੂ ਸਾਹਿਬ ਨੇ ਮਹਿਸੂਸ ਕੀਤੀ। ਇਥੇ ਗੁਰੂ ਸਾਹਿਬ ਹਿੰਦੂ, ਮੁਸਲਮਾਨ ਤੇ ਈਸਾਈ ਧਰਮ ਗੁਰੂਆਂ ਨੂੰ ਮਿਲੇ।

----◈----



ਨਾਗਾਪਟਨਮ -1680 ਈ. ਦੀ ਤਸਵੀਰ: ਡੱਚ ਕਲਾਕਾਰ (ਵਿੱਕੀਪੇਡੀਆ ਤੋਂ)

### ਮਹਾਤਮਾ ਜੀ ਤੁਸੀ ਇਥੇ ਕੀ ਵੇਚਣ ਆਏ ਹੋ? – ਹੁੱਜਤੀ ਲੋਕਾਂ ਪੁਛਿਆਂ ⊙

ਇਥੇ ਕੁਝ ਲੋਕ ਵਿਹਲੇ ਟਹਿਲ ਰਹੇ ਸਨ ਕਿ ਗੁਰੂ ਸਾਹਿਬ ਨਾਲ ਮੇਲ ਹੋ ਗਿਆ। ਮਸਤੀ ਦੇ ਆਲਮ ਵਿੱਚ ਆ ਗੁਰੂ ਸਾਹਿਬ ਨਾਲ ਅੱਠਖੇਲੀਆਂ ਲੱਗੇ ਕਰਨ। "ਬਾਬਾ ਜੀ ਤੁਸੀ ਕਿਹੜੇ ਦੇਸ ਤੋਂ ਹੋ?" ਗੁਰੂ ਸਾਹਿਬ ਕਿਹਾ ਕਿ ਮੈਂ ਲਹੌਰ ਪੰਜਾਬ ਤੋਂ। ਅੱਗੋਂ ਕਹਿਣ ਲੱਗੇ, "ਤੁਸੀ ਕਿਹੜਾ ਮਾਲ ਬਾਹਰ ਭੇਜਣਾ ਵਾ ਜਿਹੜਾ ਹਜ਼ਾਰਾਂ ਮੀਲਾਂ ਤੋਂ ਚਲ ਇਥੇ ਆਏ ਹੋ?" ਗੁਰੂ ਸਾਹਿਬ ਨੇ ਕਿਹਾ ਮੈ ਸੱਚ ਦਾ ਸੌਦਾਗਰ ਹਾਂ। ਮੈਂ ਹਰ ਥਾਂ ਜਾ ਦੁਹਾਈ ਦਿੰਦਾ ਹਾਂ ਕਿ ਲੋਕੋ ਸੱਚ ਨੂੰ ਪਛਾਣੋਂ ਤੇ ਨਿਮ੍ਰਤਾ ਵਿੱਚ ਆ ਜਾਓ।

"ਬਾਵਾ ਜੀ ਫਰਮਾਈਏ ਸੱਚ ਕਿਆ ਹੈ?" ਗੁਰੂ ਸਾਹਿਬ ਨੇ ਕਿਹਾ ਕਿ ਸੱਚ ਇਹ ਹੈ ਕਿ ਐਸ ਵੇਲੇ ਤੁਸੀ ਮਸਤੀ ਵਿੱਚ ਹੋ। ਤੁਹਾਨੂੰ ਨਹੀ ਪਤਾ ਅਗਲੇ ਪਲ ਕੀ ਹੋਣ ਵਾਲਾ ਹੈ ਤੁਹਾਡੇ ਨਾਲ। ਚਤੁਰਾਈ ਸਿਆਣਪ ਨਾਲ ਤੁਸੀ ਵਕਤ ਨੂੰ ਟਾਲ ਨਹੀ ਸਕਦੇ। ਯਾਦ ਰੱਖਣਾ ਜਿਹੜੇ ਕਦੀ ਕਦਾਈ ਫਿਰ ਅਜਿਹੀ ਮਸਤੀ ਵਿੱਚ ਆਉਦੇ ਹਨ ਉਹ ਬਾਦ ਵਿੱਚ ਟੁੱਟੇ ਟੁੱਟੇ ਉਦਾਸ ਤੇ ਚਿੰਤਾਤੁਰ ਰਹਿੰਦੇ ਹਨ। ਮੈਂ ਉਹ ਸੱਚ ਦੱਸਦਾ ਜਿਸ ਨਾਲ ਸਦੀਵੀ ਖੇੜਾ ਬਣਿਆ ਰਹਿੰਦਾ ਹੈ।

ਉਹ ਹੁਜਤੀ ਲੋਕ ਫਿਰ ਹੱਸਦੇ ਹੋਏ ਕਹਿਣ ਲੱਗੇ ਉਹ ਕਿਹੜੀ ਬੂਟੀ ਜਿਨੂੰ ਪੀਣ ਨਾਲ ਸਦਾ ਅਨੰਦ ਰਹਿੰਦਾ ਹੈ?

ਗੁਰੂ ਸਾਹਿਬ ਕਿਹਾ ਉਹ ਹੈ ਰੱਬ ਬਾਰੇ ਗਿਆਨ, ਉਹਦਾ ਨਾਂ, ਸ੍ਰਿਸਟੀ ਦੀ ਅਸਲੀਅਤ।

ਹੁਜਤੀ ਕਹਿਣ ਲੱਗੇ ਬਾਬਾ ਜੀ ਰੱਬ ਕਿਹੜਾ ਦਿਸਦਾ। ਅਸੀ ਆਪਣੀ ਸੋਚ ਵਿੱਚ ਹੀ ਉਨੂੰ ਪੈਦਾ ਕਰਦੇ ਹਾਂ।

ਗੁਰੂ ਸਾਹਿਬ ਨੇ ਕਿਹਾ ਕਿ ਨਹੀ ਤੁਸੀ ਗਲਤ ਹੋ। ਰੱਬ ਦਿਸਦਾ ਹੈ ਜਦੋਂ ਸੱਚ ਦਾ ਗਿਆਨ ਹੋਵੇ। ਫਿਰ ਜੋ ਦਿਸਦਾ ਹੈ ਉਹ ਰੱਬ ਹੀ ਦਿਸਦਾ ਹੈ, ਹੋਰ ਕੁੱਝ ਨਹੀ।


ਹੌਲੀ ਹੌਲੀ ਉਨਾਂ ਹੁੱਜਤੀਆਂ ਦੀ ਮਸਤੀ ਉੱਤਰੀ ਤਾਂ ਗੁਰੂ ਸਾਹਿਬ ਨੇ ਉਨਾਂ ਨੂੰ ਸੱਚ ਦਾ ਗਿਆਨ ਕਰਵਾਇਆ।

ਅੰਤ ਵਿੱਚ ਸਬਦ ਗਾਇਆ:-

ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥ ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥੧॥ ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥ ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥ ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥ ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥ ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥ ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥ ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥

----◈----

**ਕੁੰਭਕੋਨਮ** -◆ ਨਾਗਾਪੱਟੀਨਮ ਤੋਂ ਉਤਰ ਪੱਛਮ ਦਿਸ਼ਾ ਵਿੱਚ 55 ਕਿ.ਮੀ. ਤੇ ਪ੍ਰਸਿਧ ਹਿੰਦੂ ਤੀਰਥ ਅਸਥਾਨ ਹੈ ਕੁੰਭਕੋਨਮ (ਕੁੰਭ - ਕੋਨਾ) ਜਿੱਥੇ ਅੰਮ੍ਰਿਤ ਦਾ ਘੜਾ ਬ੍ਰਹਮਾ ਨੇ ਕੁਝ ਦੇਰ ਟਿਕਾ ਦਿੱਤਾ ਸੀ। (ਵੇਖੋ ਸਾਗਰ ਮੰਥਨ ਕਥਾ ਪੰਨਾ 106) ਸੋ ਦੱਖਣ ਭਾਰਤ ਦਾ 12 ਸਾਲੀ ਕੁੰਭ ਫਿਰ ਏਥੇ



12ਵੀ ਸਦੀ ਈ.ਦਾ ਨਾਗੇਸ਼ਵਰ ਮੰਦਰ ਕੁੰਭਕੋਨਮ

ਪੈੜ ਸਰੋਤ

⊙ ਸੋਢੀ ਮਿਹਰਬਾਨ -258 (ਅੰਦਾਜ਼ਾ ਹੈ ਕਿ ਇਹ ਸਾਖੀ ਇਥੇ ਵਾਪਰੀ ਹੋਵੇਗੀ। ਓਨਾਂ ਵੇਲਿਆਂ ਵਿੱਚ ਸਧਾਰਨ ਲੋਕ ਸਾਧੂ ਸੰਤਾਂ ਕੋਲੋ ਡਰਦੇ ਸਨ। ਨਾਗਾਪੱਟੀਨਮ ਕੌਮਾਂਤਰੀ ਧਨਾਢ ਲੋਕਾਂ ਦਾ ਸ਼ਹਿਰ ਸੀ ਜਿੱਥੇ ਹਰ ਕੋਈ ਰੁੱਝਾ ਹੋਇਆ ਸੀ। ਰੁੱਝਾ ਬੰਦਾ ਜਦੋਂ ਫਿਰ ਵੇਹਲ ਮਹਿਸੂਸ ਕਰਦਾ ਹੈ ਤਾਂ ਉਸ ਦੇ ਮੰਨ ਵਿੱਚ ਫਿਰ ਅਜਿਹੀਆਂ ਮਸਤੀਆਂ ਆਉਦੀਆਂ ਹਨ ਖਾਸ ਕਰਕੇ ਸਾਧੂਆਂ ਪ੍ਰਤੀ। ◆ ਕੋਹਲੀ-80

ਲੱਗਦਾ ਹੈ। ਇਥੇ ਪੁਰਾਣੇ ਮੰਦਰਾਂ ਦੀ ਭਰਮਾਰ ਹੈ। ਇਸ ਨਗਰ ਦੇ ਇੱਕ ਪਾਸੇ ਕਾਵੇਰੀ ਨਦੀ ਹੈ ਤੇ ਦੂਸਰੇ ਪਾਸੇ ਅਰਸਲਾਰ ਨਦੀ। ਇਹ ਦੱਖਣ ਭਾਰਤ ਦਾ ਟੈਮਪਲ ਟਾਊਨ (ਮੰਦਰਾਂ ਦਾ ਸ਼ਹਿਰ) ਗਿਣਿਆ ਜਾਂਦਾ ਹੈ।

ਇਥੇ ਵੀ ਗੁਰੂ ਸਾਹਿਬ ਆਏ ਤੇ ਲੋਕਾਈ ਨੂੰ ਦੁਹਾਈ ਦੇ ਕੇ ਦੱਸਿਆ ਕਿ ਜੇ ਮੁਕਤੀ ਚਾਹੁੰਦੇ ਹੋ ਤਾਂ ਨਿਰੰਕਾਰ ਦਾ ਨਾਮ ਜਪੋ। ਕਰਮ ਕਾਂਡਾਂ ਅਤੇ ਨਹਾਉਣ ਨਾਲ ਮੁਕਤੀ ਨਹੀ ਮਿਲਣੀ। ਨਿਰੰਕਾਰ ਪ੍ਰਭੂ ਦੀ ਅਰਾਧਨਾ ਕਰੋ। ਉਹਦੇ ਗੁਣ ਗਾਓ।

----◈----

**ਥੰਜਾਵੂਰ (ਤੰਜੌਰ)** - ਕੁੰਭਕੋਨਮ ਤੋਂ 35 ਕਿ.ਮੀ. ਪੱਛਮ ਵਿੱਚ ਪ੍ਰਸਿਧ ਨਗਰ ਥੰਜਾਵੂਰ ਹੈ ਜਿੱਥੇ ਸਾਹਿਬ ਪਧਾਰੇ। ਥੰਨਜਾਓਰ ਤਮਿਲ ਲੋਕਾਂ ਦੀ ਧਾਰਮਿਕ ਤੇ ਸਭਿਆਚਾਰ ਰਾਜਧਾਨੀ ਹੈ ਭਾਵ ਕੇਂਦਰ ਹੈ। ਸ਼ਹਿਰ 1200 ਸਾਲ ਪੁਰਾਣਾ ਹੈ। ਇਥੇ ਅਨੇਕਾਂ ਪੁਰਾਣੇ ਮੰਦਰ ਹਨ ਜੋ ਪੁਰਾਤਤਵ ਤੇ ਹੁਨਰ ਦੇ ਤੌਰ ਤੇ ਖਾਸ ਅਹਿਮੀਅਤ ਰੱਖਦੇ ਹਨ। ਯੂਨੈਸਕੋ ਨੇ ਕੁਝ ਮੰਦਰ ਤਾਂ ਗੋਦ ਹੀ



ਥੰਜਾਵੂਰ ਦੀ 1867 ਈ ਦੀ ਫੋਟੋ -(ਸਰੋਤ-ਵਿੱਕੀਪੈਡੀਆ)

ਲੈ ਲਏ ਨੇ। ਸੋ ਸਾਰੇ ਇਤਹਾਸਕਾਰਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਨੇ ਇਸ ਸ਼ਹਿਰ ਵਿੱਚ ਜਰੂਰ ਚਰਨ ਪਾਏ ਸਨ। ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ ਅਨੇਕਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ ਜਿਸ ਦਾ ਸਬੂਤ ਓਥੇ ਮੌਜੂਦ ਗੁਰਦੁਆਰਾ ਦਿੰਦਾ ਹੈ।

----◈----

## ਜਦੋਂ ਬਾਬੇ ਦੇ ਮੱਥੇ ਵਿੱਚ ਰੋੜਾ ਵੱਜਿਆ ⊙

ਥੰਜਾਵੂਰ ਸ਼ਹਿਰ ਦੇ ਬਾਹਰਵਾਰ ਕਿਤੇ ਬਾਬਾ ਜੀ ਪੁਰਾਣੇ ਮੰਦਰ ਦੇ ਖੰਡਰਾਂ ਵਿੱਚ ਬਿਰਾਜੇ ਹੋਏ ਸਨ। ਕੀਰਤਨ ਚਲ ਰਿਹਾ ਸੀ। ਮਰਦਾਨੇ ਦੀ ਰਬਾਬ ਨੇ ਰੰਗ ਬੱਧਾ ਹੋਇਆ ਸੀ ਕਿ ਓਤੋਂ ਕੋਈ ਇੱਟ-ਰੋੜਾ ਡਿਗਿਆ ਤੇ ਆ ਬਾਬੇ ਦੇ ਮੱਥੇ 'ਚ ਵੱਜਾ। ਬਾਬੇ ਦਾ ਅਜਿਹਾ ਵੈਰਾਗ ਛੁੱਟਿਆ ਕਿ ਰੋਣ ਨਿਕਲ ਗਿਆ। ਮਰਦਾਨਾ ਵੀ ਕਿਹੜਾ ਘੱਟ ਸੀ। ਓਹਨੇ ਝੱਟ ਬਾਬੇ ਨੂੰ ਤਾਨਾ ਮਾਰ ਦਿੱਤਾ ਕਿ ਬਾਬਾ ਕੀ ਫਾਇਦਾ ਹੋਇਆ ਤੁਹਾਡੇ ਵਰਗੇ ਪੈਗੰਬਰ ਵੀ ਰੋੜਾ ਵੱਜਣ ਤੇ ਰੋਣ?

**ਪੈੜ ਸਫਾ**
⊙ਤਮਿਲਨਾਡੂ ਵਿੱਚ ਸੰਗਮ ਕਾਲ ਦੌਰਾਨ ਬਹੁਤ ਸਾਰੀਆਂ ਮੰਦਰਾਂ ਦੀਆਂ ਇਮਾਰਤਾਂ ਇੱਟਾਂ ਤੇ ਚੂਨੇ ਦੀਆਂ ਵੀ ਮਿਲਦੀਆਂ ਹਨ। ਲੱਗਦਾ ਬਾਬਾ ਕਿਤੇ ਇੰਨਾਂ ਖੰਡਰਾਂ ਵਿੱਚ ਹੀ ਬੈਠਾ ਹੋਵੇਗਾ। ਨਾਲੇ ਸੋਢੀ (ਪੰਨਾ 203) ਨੇ ਇਸ਼ਾਰਾ ਦਿੱਤਾ ਹੈ ਕਿ ਅਜੇ ਬਾਬੇ ਨੇ ਦੱਖਣ ਦੀ ਯਾਤਰਾ ਸ਼ੁਰੂ ਕੀਤੀ ਸੀ। ਇਥੇ ਹੀ ਸੋਢੀ ਨੇ ਸਾਫ ਲਿਖਿਆ ਹੈ ਕਿ ਪੂਰਬ ਦੇਸ ਦੀ ਯਾਤਰਾ ਤਿੰਨ ਸਾਲ ਵਿੱਚ ਮੁਕੰਮਲ ਕੀਤੀ ਸੀ ਬਾਬੇ ਨੇ।

ਬਾਬੇ ਨੇ ਕਿਹਾ ਮਰਦਾਨਿਆ ਮੇਰਾ ਤਾਂ ਰੋਣਾ ਹੀ ਇਹੋ ਹੈ ਕਿ ਨਿਰੰਕਾਰ ਆਪਣੇ ਨਾਮ ਜੱਪਣ ਵਾਲੇ ਭਗਤਾਂ ਨੂੰ ਹੱਥ ਦੇ ਕੇ ਰੱਖਦਾ ਹੈ ਦੁੱਖ ਨਹੀ ਆਉਣ ਦਿੰਦਾ। ਓਪਰੋਂ ਓਪਰੋਂ ਸਰੀਰਕ ਕਸ਼ਟ ਦਿਖਦੇ ਹਨ ਪਰ ਮੰਨ ਦੀ ਪੀੜਾ ਨਹੀ ਹੁੰਦੀ। ਮਤਲਬ ਤੁਹਾਨੂੰ ਇੱਟਾ ਵੱਜਿਆ ਹੈ, ਲਹੂ ਨਿਕਲਿਆ ਜਾਂ ਰੋੜ ਉਭਰਿਆ ਹੈ ਪਰ ਪੀੜ ਨਹੀ। ਓਹ ਆਪਣੇ ਪਿਆਰਿਆ ਨੂੰ ਚੜ੍ਹਦੀ ਕਲਾ ਵਿੱਚ ਰੱਖਦਾ ਹੈ। ੧ਓ ਨਿਰੰਕਾਰ ਪ੍ਰਮੇਸ਼ਰ ਦੀਆਂ ਇਹੋ ਸਿਫਤਾਂ ਚਲ ਰਹੀਆਂ ਸਨ ਕਿ ਬਾਣੀ ਉਤਰਨੀ ਸ਼ੁਰੂ ਹੋ ਗਈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਫਿਰ ਸੁਚੇਤ ਕੀਤਾ। ਰਬਾਬ ਦੀ ਉੱਚੀ ਗੂੰਜ ਉਨਾਂ ਖੰਡਰਾਂ ਵਿੱਚ ਫੈਲੀ:

**ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥**

ਭਾਈ ਸਿਰਫ ਨਾਮ ਜੱਪਣ ਵਾਲੇ ਹੀ ਦੁੱਖ ਸੁੱਖ ਤੋਂ ਉੱਪਰ ਉਠਦੇ ਹਨ ਬਾਕੀ ਸਭ ਦੁਨੀਆਂ ਦੁੱਖਾਂ ਵਿੱਚ ਗ੍ਰੱਸੀ ਪਈ ਹੈ।

----◈----

**ਸ੍ਰੀਰੰਗਮ** - ਥੰਜਾਵੂਰ ਤੋਂ 50 ਕਿ.ਮੀ. ਦੂਰ ਪੱਛਮ ਵਿੱਚ ਗੁਰੂ ਸਾਹਿਬ ਤ੍ਰਿਚਨਾਪਲੀ ਦੇ ਮੰਦਰ ਸ੍ਰੀਰੰਗਮ ਗਏ। ਸ੍ਰੀਰੰਗਮ ਨੂੰ ਦੱਖਣੀ ਪੰਡੇ ਪ੍ਰਯਾਗ ਬਰਾਬਰ ਮੰਨਦੇ ਹਨ। ਅਖੇ ਇਥੇ ਵੀ ਤਿੰਨ ਦਰਿਆਵਾਂ ਦਾ ਮੇਲ ਹੈ। ਅਸਲ ਵਿੱਚ ਸਿਰਫ ਕਾਵੇਰੀ ਦਰਿਆ ਹੀ ਹੈ ਜਿਹਦੀ ਦੂਸਰਾ ਸ਼ਰਾ ਮੁੱਖ ਧਾਰਾ ਵਿੱਚ ਮਿਲਦਾ ਹੈ। ਅਸਥਾਨ ਬਹੁਤ ਰਮਣੀਕ ਹੈ।



ਸ੍ਰੀਰੰਗਮ ਦੇ ਮੰਦਰ ਸੰਨ 1870 ਈ.

ਕਹਾਣੀ ਇਹ ਦਸਦੇ ਨੇ ਕਿ ਭਗਵਾਨ ਰਾਮ ਨੇ ਭਬੀਸ਼ਨ ਦੀ ਮਦਦ ਤੋਂ ਖੁਸ਼ ਹੋ ਕੇ ਓਨੂੰ ਵਿਸ਼ਨੂੰ ਭਗਵਾਨ ਦੀ ਇੱਕ ਖੂਬਸੂਰਤ ਮੂਰਤੀ ਬਖਸ਼ ਦਿੱਤੀ। ਪਰ ਨਾਲ ਸ਼ਰਤ ਸੀ ਕਿ ਮੂਰਤੀ ਨੂੰ ਸਿਰਫ ਇੱਕ ਥਾਂ ਤੇ ਹੀ ਸਥਾਪਤ ਕਰਨਾਂ ਹੈ ਇਨੂੰ ਥਾਂ ਥਾਂ ਨਹੀ ਲਏ ਫਿਰਨਾਂ। ਪਰ ਜਦੋਂ ਭਬੀਸ਼ਨ ਇਥੋ ਦੀ (ਤ੍ਰਿਚਨਾਪਲੀ) ਲੰਘ

ਰਿਹਾ ਸੀ ਤਾਂ ਉਨੂੰ ਹਾਜਤ ਆਈ ਤੇ ਉਨੇ ਮੂਰਤੀ ਇੱਕ ਥਾਂ ਤੇ ਰੱਖ ਦਿੱਤੀ। ਵਾਪਸ ਜਦੋਂ ਨਹਾ ਧੋ ਕੇ ਦੁਬਾਰਾ ਮੂਰਤੀ ਚੁੱਕਣੀ ਚਾਹੀ ਤਾਂ ਫਿਰ ਉਹ ਇਥੋਂ (ਸ੍ਰੀ ਰੰਗਮ ਤੋਂ) ਨਾਂ ਹਿੱਲੀ। (ਇਹੋ ਕਹਾਣੀ ਭਾਰਤ ਦੇ ਅਨੇਕਾਂ ਹੋਰ ਮੰਦਰਾਂ ਦੀ ਹੈ। ਇਥੇ ਥੋੜਾ ਫਰਕ ਹੈ। ਬਾਕੀ ਥਾਵਾਂ ਤੇ ਰਾਵਣ ਮੂਰਤੀ ਚੁੱਕੀ ਜਾ ਰਿਹਾ ਹੁੰਦਾ ਹੈ, ਪਰ ਇਥੇ ਭਬੀਸ਼ਨ ਹੈ।)

ਗੁਰੂ ਸਾਹਿਬ ਦਾ ਇਥੇ ਆਉਣ ਦਾ ਮੁਖ ਕਾਰਨ ਇਹ ਸੀ ਕਿ ਬਾਰ ਬਾਰ ਇਸ ਮੰਦਰ ਦੀ ਮੁਸਲਮਾਨ ਹੁਕਮਰਾਨਾਂ ਵਲੋਂ ਲੁੱਟ ਹੋਈ ਸੀ। ਮੰਦਰ ਓਹਨੀ ਦਿਨੀ ਸਾਧੂ ਸੰਤਾਂ ਤੇ ਬਿਹੰਗਮਾਂ ਦੀ ਚਰਚਾ ਵਿੱਚ ਰਹਿੰਦਾ ਸੀ। ਮੰਦਰ ਵਾਲਿਆਂ ਦਾ ਕਹਿਣਾ ਹੈ ਕਿ ਇਸ ਮੰਦਰ ਨੂੰ ਬਚਾਉਂਦੇ ਹੋਏ 13000 ਤਮਿਲ ਸ਼ਹੀਦ ਹੋਏ ਸਨ। ਇੱਕ ਵੇਰਾਂ ਮੰਦਰ ਦੀ ਮੁਖ ਮੂਰਤੀ ਨੂੰ ਅਗਲੇ ਦਿੱਲੀ ਲੈ ਗਏ ਸਨ। ਕਥਾ ਹੈ ਕਿ ਸੁਲਤਾਨ ਦੀ ਧੀ (ਠੁਲਕਾ ਨਚਿਆਰ) ਦਾ ਇਸ ਮੂਰਤੀ ਨਾਲ ਮੋਹ ਹੋ ਗਇਆ ਸੀ। ਠੁਲਕਾ ਦੀ ਵੀ ਮੰਦਰ ਵਿੱਚ ਮੂਰਤੀ ਬਣੀ ਹੋਈ ਹੈ।

ਗੁਰੂ ਨਾਨਕ ਪਾਤਸ਼ਾਹ ਇਸ ਮੰਦਰ ਵਿੱਚ ਵੀ ਕੁਝ ਸਮਾਂ ਠਹਿਰੇ ਸੀ। ਕੁਝ ਪੰਡੇ ਫਿਰ ਗੁਰੂ ਨਾਨਕ ਦੇ ਅਨੁਆਈ ਹੋ ਗਏ। ਮੰਦਰ ਦੇ ਲਾਗੇ ਹੀ ਗੁਰਦੁਆਰਾ ਹੁੰਦਾ ਸੀ ਜੋ ਪ੍ਰਚਾਰ ਦੀ ਘਾਟ ਕਾਰਨ ਵਕਤ ਪਾ ਕੇ ਲੁਪਤ ਹੋ ਗਿਆ।

ਸ੍ਰੀਰੰਗਮ ਤੋਂ 150 ਕਿ.ਮੀ. ਪੂਰਬ ਵਲ ਚਲਕੇ ਗੁਰੂ ਸਾਹਿਬ ਪ੍ਰਸਿਧ ਹਿੰਦੂ ਤੀਰਥ ਅਸਥਾਨ ਤਿਰੁਵਨਾਮਲਾਇ ਪਹੁੰਚੇ। ਇਥੋਂ ਦਾ ਪ੍ਰਸਿਧ ਤਿਰੁਵੱਨਾਮਾਇ ਅੰਨਾਮਲਿਆਰ ਮੰਦਰ ਵੇਖਿਆ। ਮੰਦਰ ਲਾਗੇ ਪਹਾੜੀ ਹੈ ਤੇ ਇਸ ਪਹਾੜੀ ਨੂੰ ਸ਼ਰਧਾਲੂ ਸ਼ਿਵ ਜੀ ਦਾ ਲਿੰਗ ਮੰਨਦੇ ਹਨ। ਕਥਾ ਇਸ ਤਰਾਂ ਹੈ ਕਿ ਇੱਕ ਵੇਰਾਂ ਅਠਖੇਲੀਆਂ ਕਰਦੀ ਹੋਈ ਪਾਰਬਤੀ ਨੇ ਸ਼ਿਵ ਜੀ ਦੀਆਂ ਅੱਖਾਂ ਮੀਟ ਦਿੱਤੀਆ ਜਿਸ ਕਾਰਨ ਸਾਰੀ ਸ੍ਰਿਸਟੀ ਤੇ ਹਨੇਰਾ ਛਾ ਗਿਆ। ਪਾਰਬਤੀ ਬਹੁਤ ਪਛਤਾਈ ਤੇ ਫਿਰ ਹੋਰ ਸਾਧੂ ਸੰਤਾਂ ਨਾਲ ਮਿਲਕੇ ਭਗਵਾਨ ਦੀ ਭਗਤੀ ਕੀਤੀ ਜਿਸ ਤੇ ਸ਼ਿਵ ਜੀ ਫਿਰ ਇਸ ਪਹਾੜੀ ਤੇ ਅੱਗ ਦੇ ਰੂਪ ਵਿੱਚ ਪ੍ਰਗਟ ਹੋਏ। ਸ਼ਿਵ ਜੀ ਤੇ ਪਾਰਬਤੀ ਇੱਕ ਹੋ ਗਏ। ਇਥੇ ਫਿਰ ਜਿਹੜੀ ਸ਼ਿਵ ਜੀ ਦੀ ਮੂਰਤੀ ਹੈ ਉਹ ਅਰਧਨਾਰੀਸ਼ਵਰ ਹੈ ਭਾਵ ਅੱਧਾ ਨਾਰੀ ਤੇ ਅੱਧਾ ਈਸ਼ਵਰ। ਮੁਲਕ ਦਾ ਮਹਾਰਾਜਾ ਕ੍ਰਿਸ਼ਨ ਦੇਵ ਰਾਇਆ ਇਸ ਮੰਦਰ ਦਾ ਵੀ ਸ਼ਰਧਾਲੂ ਸੀ।

ਪੈੜ ਸਫ਼ਾ

ਪ੍ਰੋ. ਸਾਹਿਬ ਸਿੰਘ-90. ਨੇ ਲਿਖਿਆ ਹੈ ਗੁਰੂ ਸਾਹਿਬ ਤਿਰੂਪਤੀ ਤੋ ਕੁੜੱਪਾ ਸ਼ਹਿਰ ਥਾਂਣੀ ਲੰਘੇ। ਗੁਰੂ ਸਾਹਿਬ ਦੀ ਫੇਰੀ ਮੌਕੇ ਇਥੇ ਹਿੰਦੂ ਲੋਕ ਗਲ ਵਿੱਚ ਜੁੱਤੀਆਂ ਪਾਈ ਫਿਰਦੇ ਹੁੰਦੇ ਸਨ। ਹੱਥਾਂ ਬਾਹਵਾਂ ਇਥੋਂ ਤੱਕ ਮੱਥੇ ਤੇ ਜੁੱਤੀ ਦਾ ਚਿੰਨ ਬਣਾਈ ਫਿਰਦੇ ਸਨ। ਇਨਾਂ ਲੋਕਾਂ ਨੂੰ ਵਿਸ਼ਵਾਸ਼ ਦੁਆਇਆ ਹੋਇਆ ਸੀ ਕਿ ਜੁੱਤੀ ਤੁਹਾਡੀ ਰਾਖੀ ਕਰਦੀ ਹੈ। ਓਹ ਲੋਕ ਇਹ ਮੰਨ ਕੇ ਚਲਦੇ ਸਨ ਕਿ ਅਸੀ ਭਗਵਾਨ ਰਾਮ ਦੀ ਜੁੱਤੀ ਗਲ ਵਿੱਚ ਪਾਈ ਹੋਈ ਹੈ। ਗੁਰੂ ਸਾਹਿਬ ਨੇ ਇਸ ਫੋਕੇ ਕਰਮ ਕਾਂਡ ਤੋਂ ਲੋਕਾਂ ਨੂੰ ਨਿਜਾਤ ਦੁਆਈ ਤੇ ਨਾਮ ਨਾਲ ਜੋੜਿਆ ਕਿ ਲੋਕੋ ਨਿਰੰਕਾਰ ਵਾਹਿਗੁਰੂ ਦੀ ਸਿਫਤ ਸਲਾਹ ਵਿੱਚ ਪਵੋ। ਵਹਿਮ ਛੱਡੋ। ਕਿਹਾ ਜਾਂਦਾ ਹੈ ਕਿ ਇਥੇ ਵੀ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਮੌਜੂਦ ਹੈ। (ਪਰ ਸਾਨੂੰ ਗੁਰੂ ਸਾਹਿਬ ਦੇ ਕੜੱਪਾ ਜਾਣ ਦੀ ਗਲ ਕੁਝ ਜਚਦੀ ਨਹੀ। ਨਾਂ ਤਾਂ ਇਹ ਕੋਈ ਰਾਜਨੀਤਕ ਕੇਂਦਰ ਸੀ ਤੇ ਨਾਂ ਹੀ ਧਾਰਮਿਕ। ਨਾਂ ਹੀ ਅਸੀ ਗੁਰੂ ਸਾਹਿਬ ਦਾ ਅਨੰਤਾਪੁਰ ਜਾਣਾ ਮੰਨਦੇ ਹਾਂ)

ਗੁਰੂ ਸਾਹਿਬ ਤਿਰੂਪਤੀ ਨੂੰ ਜਾ ਰਹੇ ਸਨ। ਸੋ ਤਿਰੁਵੱਨਾਮਾਇ ਤੋਂ 80 ਕਿ.ਮੀ. ਦੂਰ ਵੈਲੋਰ ਵੀ ਓਨਾਂ ਪੜਾਅ ਕੀਤਾ ਹੋਵੇਗਾ। ਤਿਰੁਵੱਨਾਮਾਇ ਦੇ ਮੰਦਰ ਵਿੱਚ ਲੱਗੇ ਸਿਲਲੇਖ ਤੇ ਵੈਲੋਰ ਦਾ ਵੀ ਜਿਕਰ ਆਉਂਦਾ ਹੈ। ਓਨਾਂ ਹੀ ਸਾਲਾਂ ਵਿੱਚ ਛੇਤੀ ਬਾਦ ਇਥੇ ਇੱਕ ਕਿੱਲਾ ਤਾਮੀਰ ਕੀਤਾ ਗਇਆ ਜੋ ਦੁਨੀਆ ਭਰ ਵਿੱਚ ਪ੍ਰਸਿਧ ਹੈ।

**ਤੀਰੂਪਤੀ** - ਸੋ ਵੈਲੋਰ ਤੋਂ 85 ਕਿ.ਮੀ. ਦਾ ਸਫਰ ਕਰਕੇ ਸਾਹਿਬ ਤੀਰੂਪਤੀ (ਆਂਧਰਾ ਪ੍ਰਦੇਸ) ਪਹੁੰਚ ਗਏ। ਇਹ ਦੱਖਣੀ ਭਾਰਤ ਦਾ ਸਭ ਤੋਂ ਵੱਧ ਲੋਕ-ਪਿਆਰਾ ਮੰਦਰ ਹੈ। ਤੀਰੂ ਮਾਇਨੇ ਲਕਸ਼ਮੀ ਤੇ ਪਤੀ ਮਾਇਨੇ ਘਰਵਾਲਾ। ਹਿੰਦੂਆਂ ਦੇ ਵਰਾਹ ਪੁਰਾਣ ਮੁਤਾਬਿਕ ਭਗਵਾਨ ਰਾਮਚੰਦ੍ਰ ਜਦੋਂ ਸੀਤਾ ਨੂੰ ਲੰਕਾ ਤੋਂ ਛੁੜਾ ਕੇ ਲਿਆਏ ਸਨ ਤਾਂ ਕੁਝ ਦਿਨ ਏਥੇ ਰਹੇ ਸਨ। ਇਥੋਂ ਦੇ ਪੰਡੇ ਦਾਵਾ ਕਰਦੇ ਹਨ ਕਿ ਇਸ ਮੰਦਰ ਨੂੰ ਮੁਸਲਮਾਨ ਹਮਲਾਵਰ ਨਹੀ ਸਨ ਲੁੱਟ ਪਾਏ। ਓਨਾਂ ਦਾ ਕਹਿਣਾ ਹੈ ਕਿ ਇਥੋਂ ਤੱਕ ਕਿ ਸ੍ਰੀਰੰਗਮ ਦੇ ਰੰਗਾਨਾਥਸਵਾਮੀ ਮੰਦਰ ਦੀ ਮੂਰਤੀ



ਤੀਰੂਪਤੀ ਦਾ ਮਸ਼ਹੂਰ ਮੰਦਰ

ਵੀ ਸੰਨ 1300 ਈ. ਵਿੱਚ ਇਥੇ ਲਿਆਈ ਗਈ ਸੀ। ਇਹ ਵੀ ਪਹਾੜੀ ਤੇ ਸਥਿਤ ਹੈ।

ਕਰਮ ਕਾਂਡ, ਜਾਤ-ਪਾਤ, ਮੂਰਤੀ ਪੂਜਾ ਆਦਿ ਦਾ ਕਿਸ ਤਰਾਂ ਗੁਰੂ ਸਾਹਿਬ ਨੇ ਖੰਡਨ ਕੀਤਾ ਇਤਹਾਸ ਵਿੱਚ ਇਸ ਬਾਬਤ ਵਿਵਰਣ ਨਹੀ ਮਿਲਦਾ। ਗੁਰੂ ਸਾਹਿਬ ਦੇ ਸੱਚ ਤੋਂ ਪ੍ਰਭਾਵਤ ਹੋ ਕੁਝ ਬ੍ਰਾਹਮਣਾਂ ਸਿੱਖੀ ਧਾਰਨ ਕੀਤੀ। ਇਥੇ ਧਰਮਸਾਲ ਵੀ ਬਣੀ ਸੀ। ਬਾਦ ਵਿੱਚ ਮੁਕਾਮੀ ਸੰਗਤ ਘਟਦੀ ਗਈ। ਵਕਤ ਪਾ ਕੇ ਧਰਮਸਾਲ ਉਦਾਸੀ ਸੰਤਾਂ ਦੇ ਤਹਿਤ ਰਹੀ ਤੇ ਹੌਲੀ ਹੌਲੀ ਅਲੋਪ ਹੋ ਗਈ।

----◆----

### ਤਿਰੂਪਤੀ ਤੋਂ ਮੰਗਲਾਗਿਰੀ–

### ਮੱਛਲੀਪਟਨਮ – ਵਿਜੈਵਾੜਾ – ਮੰਗਲਾਗਿਰੀ – ਗੰਟੂਰ

ਤਿਰੂਪਤੀ ਤੋਂ ਗੁਰੂ ਸਾਹਿਬ ਦਾ ਅਗਲਾ ਨਿਸ਼ਾਨਾ ਸ੍ਰੀਸੈਲਮ ਦਾ ਮਲਿਕਾਰੁਜਨ ਜੋਤੀਲਿੰਗ ਮੰਦਰ ਸੀ। ਹੋ ਸਕਦੈ ਗੁਰੂ ਸਾਹਿਬ ਤਿਰੂਪਤੀ ਦੇ ਸਲਾਨਾ ਮੇਲੇ (ਦਸੰਬਰ- ਜਨਵਰੀ) ਦੌਰਾਨ ਇਥੇ ਹੋਣ ਤੇ ਬਾਦ ਵਿੱਚ ਕਿਉਕਿ ਫਰਵਰੀ ਵਿੱਚ ਮੇਲਾ ਮੰਗਲਾਗਿਰੀ ਸੀ। ਸੋ ਸੰਭਾਵਨਾ ਹੈ ਕਿ ਸਾਹਿਬ ਤਿਰੂਪਤੀ ਤੋਂ ਸਮੁੰਦਰੀ ਤੱਟ

ਪਹੁੰਚੇ ਹੋਣ ਤੇ ਓਥੋਂ ਫਿਰ ਬੇੜੇ ਰਾਂਹੀ 500 ਕਿ.ਮੀ. ਮੱਛਲੀਪਟਨਮ ਗਏ ਹੋਣ। ਮੱਛਲੀਪਟਨਮ ਤੋ ਗੀਟੂਰ 85 ਕਿ.ਮੀ ਤੇ ਅੱਗੇਂ ਸ੍ਰੀਸੈਲਮ ਸਿਰਫ 70 ਕਿ.ਮੀ. ਰਹਿ ਜਾਂਦਾ ਹੈ। ਯਾਦ ਰਹੇ ਤੀਰਥਾਂ ਤੇ ਦੂਰ ਦੂਰ ਜਾਣ ਵਾਲੇ ਸਿਰਫ ਗੁਰੂ ਸਾਹਿਬ ਹੀ ਨਹੀ ਸਨ। ਸਾਧਾਂ ਦੀ ਟੋਲੀਆਂ ਦੀਆਂ ਟੋਲੀਆਂ ਤੁਰੀਆਂ ਹੀ ਰਹਿੰਦੀਆਂ ਸਨ। ਸੰਨਿਆਸੀ ਸਾਧੂ ਸਾਰੀ ਉਮਰ ਭਰਮਣ ਵਿੱਚ ਹੀ ਰਹਿੰਦੇ ਸਨ ਕਿਉਕਿ ਹਿੰਦੂ ਧਰਮ ਵਿੱਚ ਤੀਰਥ ਯਾਤਰਾ ਮੁੱਕਤੀ ਦਾ ਰਾਹ ਦੱਸਿਆ ਗਇਆ ਹੈ। ਸਾਧੂਆਂ ਨੇ ਪਟੜੀਆਂ (ਟ੍ਰੈਕਜ਼) ਤੇ ਕਵਿਤਾ ਬਣਾਈ ਹੁੰਦੀ ਸੀ ਕਿ ਕਿਵੇ ਇੱਕ ਤੀਰਥ ਤੋਂ ਦੂਸਰੇ ਤੀਰਥ ਤੇ ਕਿੰਨਾਂ ਦਿਨਾਂ ਵਿੱਚ ਜਾਣਾ ਹੈ।

ਮੱਛਲੀਪਟਨਮ ਤੇ ਵਿਜੇਵਾੜਾ ਕ੍ਰਿਸ਼ਨਾ ਦਰਿਆ ਦੇ ਪੂਰਬੀ ਪਾਸੇ ਹਨ ਤੇ ਗੀਟੂਰ ਪਛਮੀ ਪਾਸੇ। ਦੋਹਾਂ ਵਿੱਚ ਦੂਰੀ 66 ਕਿ.ਮੀ ਹੈ ਤੇ ਵਿਜੇਵਾੜਾ ਤੋ ਗੀਟੂਰ 35 ਕਿ.ਮੀ ਹੈ ਤੇ ਦੋਹਾਂ ਦੇ ਰਸਤੇ ਦੇ ਵਿੱਚ ਮੰਗਲਾਗਿਰੀ ਪਹਾੜੀ ਅਸਥਾਨ ਹੈ। ਕਿਉਕਿ ਇਥੇ ਵੀ ਪ੍ਰਸਿਧ ਮੰਦਰ ਹਨ ਤੇ ਗੁਰੂ ਸਾਹਿਬ ਨੇ ਇਥੇ ਵੀ ਪਹੁੰਚਣਾ ਹੀ ਸੀ।

----◈----

**ਮੱਛਲੀਪਟਨਮ** ਮਸ਼ਹੂਰ ਬੰਦਰਗਾਹ ਰਹੀ ਹੈ। ਇਨੂੰ 'ਮਸੂਲੀਪਟਨਮ' ਜਾਂ ਨਿਰਾ 'ਬੰਦਰ' ਵੀ ਕਹਿ ਦਿੱਤਾ ਜਾਂਦਾ ਰਿਹਾ ਹੈ। ਇਥੋਂ ਹੀ ਯੂਨਾਨ ਤੇ ਯੂਰਪੀਨ ਮੁਲਕਾਂ ਦੇ ਵਪਾਰੀ ਮਲਮਲ ਚੁੱਕਦੇ ਸਨ। ਇਸ ਵਪਾਰ ਦਾ ਇਤਹਾਸ ਕੋਈ 2000 ਸਾਲ ਪੁਰਾਣਾ ਹੈ। ਇਸ ਪੁਰਾਣੇ ਬੋਧੀ ਸ਼ਹਿਰ ਵਿੱਚ ਬਹੁਤ ਹੀ ਪੁਰਾਣੇ ਮੰਦਰ ਵੀ ਮੌਜੂਦ ਹਨ। ਅਗਸਤ ਰਿਸ਼ੀ ਦਾ ਮੰਦਰ ਅੱਜ ਵੀ ਮੌਜੂਦ ਹੈ। ਏਕ-ਰਾਤਰੀ-ਮਲਿਕਾਰਜੁਨ ਸਵਾਮੀ ਮੰਦਰ ਵੀ ਇਥੇ




ਮੱਛਲੀਪਟਨਮ- 1776 ਈ ਦੀ ਤਸਵੀਰ

ਹੈ। ਯਾਦ ਰਹੇ ਓਨੀ ਦਿਨੀ ਮੰਦਰਾਂ ਵਿੱਚ ਦੇਵਦਾਸੀ ਪ੍ਰਥਾ ਵੀ ਜੋਰਾਂ ਤੇ ਸੀ।

ਇਥੇ ਗੁਰੂ ਸਾਹਿਬ ਲੋਕਾਂ ਨੂੰ ਕੁਰੀਤੀਆਂ ਛੱਡਣ ਅਤੇ ਅਸਲੀ ਕਰਤੇ ਨੂੰ ਯਾਦ ਰੱਖਣ ਦਾ ਉਪਦੇਸ਼ ਦਿਤਾ। ਇਕ ਮੌਕੇ ਜਦੋਂ ਇਕਾਂਤ ਵਿਚ ਬੈਠੇ ਸਨ ਤਾਂ ਦੀਨ ਦੁਨੀ ਦੇ ਮਾਲਕ ਅੱਗੇ ਲੋਕਾਈ ਤੇ ਤਰਸ ਕਰਨ ਦੀ ਅਰਦਾਸ ਕੀਤੀ ਤੇ ਇਥੋਂ ਤਕ ਕਿਹਾ ਕਿ ਜਿੰਨਾਂ ਸਮੁੰਦਰ ਵਿਚ ਪਾਣੀ ਹੈ ਇੰਨੇ ਗੁਨਾਹ ਹਨ ਸਾਡੇ। ਐ ਨਿਰੰਕਾਰ ਨੂੰ ਆਪਣੀ ਜੀਵਾਂ ਤੇ ਤਰਸ ਕਰਦਾ ਰਹੀ। ਸ਼ਬਦ ਬੋਲਿਆ:

ਗਉੜੀ ਚੇਤੀ ਮਹਲਾ ੧ ॥ ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥

----◈----

**ਵਿਜੈਵਾੜਾ** - ਇਥੇ ਦੇ ਮੰਦਰਾਂ ਵਿੱਚ ਪ੍ਰਚਾਰ ਕਰਨ ਉਪਰੰਤ ਫਿਰ ਗੁਰੂ ਸਾਹਿਬ ਵਿਜੈਵਾੜਾ ਪਧਾਰ ਗਏ। ਇਥੇ ਸਿੱਖ ਸੰਗਤ ਅਤੇ ਦੋ ਗੁਰਦੁਆਰਾ ਸਾਹਿਬ ਵੀ ਮੌਜੂਦ ਹਨ। ਪਰੰਪਰਾ ਅਨੁਸਾਰ ਇਥੇ ਗੁਰੂ ਸਾਹਿਬ ਅਤੇ ਬਾਬਾ ਸ੍ਰੀ ਚੰਦ ਦੋਵੇ ਇਕੱਠੇ ਹੋਏ ਸਨ। ਕਿਸੇ ਪੁਰਾਤਨ ਤੈਲਗੂ ਗ੍ਰੰਥ ਵਿਚ ਵੀ ਗੁਰੂ ਸਾਹਿਬ ਦੀ ਆਮਦ ਬਾਰੇ ਜਿਕਰ ਦੱਸੀਦਾ ਹੈ। ਜਰੂਰਤ ਹੈ ਕੋਈ ਵਿਦਵਾਨ ਇਸ ਪੱਖ ਤੇ ਖੋਜ ਕਰੇ। ਇਥੋਂ ਦਾ ਪਹਿਲਾ ਗੁਰਦੁਆਰਾ 70 ਕੁ ਸਾਲ ਪੁਰਾਣਾ ਹੈ। ਇਥੇ ਉਦਾਸੀ ਅਸਰ ਮਹਿਸੂਸ ਨਹੀ ਹੁੰਦਾ।

ਸ਼ਹਿਰ ਦਾ ਨਾਂ ਵਿਜੈ (ਜਿੱਤ) ਦਾ ਵਾੜਾ ਇਸ ਕਰਕੇ ਹੈ ਕਿਉਕਿ ਹਿੰਦੂ ਮੰਨਦੇ ਹਨ ਕਿ ਇਥੇ ਦੁਰਗਾ ਮਾਤਾ ਨੇ ਰਾਖਸ਼ਾਂ ਨੂੰ ਮਾਰ ਕੇ ਅਰਾਮ ਕੀਤਾ ਸੀ। ਸ਼ਹਿਰ ਦਾ ਪਹਿਲਾ ਨਾਂ ਵਿਜੇਵਾਟਿਕਾ ਹੁੰਦਾ ਸੀ। ਮੰਦਰ ਦਾ ਨਾਂ ਕਨਿਕਾ ਦੁਰਗਾ ਮੰਦਰ ਹੈ। ਇਸ ਜਗਾ ਬਾਰੇ ਮਹਾਂਭਾਰਤ ਵਿੱਚ ਵੀ ਜਿਕਰ ਮਿਲਦਾ ਹੈ।

ਕਿਉਕਿ ਇਹ ਬੋਧੀਆਂ ਦਾ ਵੀ ਪਵਿਤ੍ਰ ਸਥਾਨ ਸੀ। ਚੀਨੀ ਯਾਤਰੀ ਹਿਊਨ ਸਾਂਗ ਇਥੇ ਲੰਮਾ ਸਮਾ ਰੁਕਿਆ ਸੀ।

----◈----

**ਮੰਗਲਾਗਿਰੀ** - ਦਾ ਪਾਨਕਲਾ ਲਕਸ਼ਮੀ ਨਰਸਿੰਹਾਸਵਾਮੀ ਮੰਦਰ (ਜੋ ਪਹਾੜੀ ਤੇ ਸਥਿਤ ਹੈ) ਬਹੁਤ ਪ੍ਰਸਿਧ ਹੈ। ਇਥੇ ਗੁਰੂ ਸਾਹਿਬ ਦੇ ਪਹੁੰਚਣ ਦਾ ਜਿਕਰ ਹੈ। ਆਧਰਾ ਪ੍ਰਦੇਸ ਸਰਕਾਰ ਦੀ ਵੈਬਸਾਈਟ ਤੋਂ ਪਤਾ ਚਲਦਾ ਹੈ ਕਿ ਇਸ ਮੰਦਰ ਤੱਕ ਪਹੁੰਚਣ ਲਈ ਜੋ ਪਉੜੀਆਂ ਬਣੀਆਂ ਹੋਈਆਂ ਹਨ ਓਥੇ ਇੱਕ ਸਿਲਲੇਖ ਹੈ ਜਿਸ ਤੇ ਲਿਖਿਆ ਹੈ ਕਿ ਇਥੇ ਮਹਾਰਾਜਾ ਕ੍ਰਿਸ਼ਨਦੇਵਾ ਰਾਇਆ ਵੀ ਆਇਆ ਸੀ। (ਸਿਲ ਲੇਖ ਤੇ ਜਿਕਰ ਹੈ ਕਿ ਇਹ ਇਲਾਕਾ ਮਹਾਰਾਜਾ ਰਾਇਆ ਦੇ ਜਰਨੈਲ ਤਿੰਮਾਰਾਸੂ ਨੇ ਸੰਨ 1515 ਵਿੱਚ ਉੜੀਸਾ ਦੇ ਗਜਪਤੀ ਰਾਜਾ ਤੋਂ ਖੋਹਿਆ ਸੀ) ਉਸ ਤੋਂ ਥੋੜਾ ਉਤੇ ਚੜ੍ਹ ਕੇ ਬੰਗਾਲ ਦੇ ਪ੍ਰਸਿਧ ਕ੍ਰਿਸ਼ਨ ਭਗਤ ਚੇਤੰਨਿਆ ਮਹਾਂਪ੍ਰਭੂ ਦੀ ਚਰਨ ਪਾਦੁਕਾ ਬਣੀ ਹੋਈ ਹੈ। ਥੋੜਾ ਹੋਰ ਉਤੇ ਜਾ ਕੇ ਨਰਸਿੰਹਾਸਵਾਮੀ ਦੀ ਮੂਰਤੀ ਹੈ ਜਿਸ ਦਾ ਸਿਰਫ ਮੂੰਹ ਹੀ ਹੈ। ਪਾਨਕਲਾ ਸਵਾਮੀ ਸਿਰਫ ਗੁੜ ਦਾ ਸ਼ਰਬਤ ਹੀ ਪੀਂਦਾ ਹੈ। ਜਿੰਨੂ ਤੈਲਗੂ ਭਾਸ਼ਾ ਵਿੱਚ ਪਾਨਕਲਾ ਕਹਿੰਦੇ ਹਨ। 15 ਸੈਂਟੀਮੀਟਰ ਚੌੜੇ ਮੂੰਹ ਵਿੱਚ ਪੰਡੇ ਸ਼ਰਬਤ ਪਾਉਦੇ। ਕੁਝ ਚਿਰ ਤੱਕ ਗੁੜ ਗੁੜ ਦੀ ਆਵਾਜ ਆਉਦੀ ਰਹਿੰਦੀ ਹੈ ਤੇ ਇਉ ਲੱਗਦਾ ਜਿਵੇ ਮੂਰਤੀ ਸੱਚ ਮੁੱਚ ਸ਼ਰਬਤ ਪੀ ਰਹੀ ਹੈ। ਫਿਰ ਵਾਧੂ ਸ਼ਰਬਤ ਬਾਹਰ ਆ ਜਾਂਦਾ ਹੈ ਮਾਨੋ ਕਰੂਲੀ ਕਰ ਦਿੱਤੀ।

ਗੁਰੂ ਸਾਹਿਬ ਨੇ ਹੇਠ ਸੁਸ਼ੋਭਿਤ ਸ਼ਬਦ ਏਥੇ ਰਚਿਆ।

ਗਉੜੀ ਮਹਲਾ ੧ ॥ ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥ ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥ ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥ ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥ ਜਹ ਜਹ



ਪਾਨਕਲਾ ਮੰਦਰ ਜਿਥੇ ਸਵਾਮੀ ਸਿਰਫ ਗੁੜ ਦਾ ਸ਼ਰਬਤ ਹੀ ਪੀਂਦਾ ਹੈ। ਚੈਤੰਨਿਆ ਪ੍ਰਭੂ ਵੀ ਇਥੇ ਆਏ ਸਨ

ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥ ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥ ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥ ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥ ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥ ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥

ਲਗਦਾ ਹੈ ਇਹ ਸ਼ਬਦ ਕਿਸੇ ਸੰਤ ਮਹਾਂ ਪੁਰਖ ਦੇ ਮੇਲ ਮੌਕੇ ਰਚਿਆ ਹੋਵੇ। ਇਹ ਵੀ ਅਸੀ ਜਾਣਦੇ ਹਾਂ ਕਿ ਗੁਰੂ ਸਾਹਿਬ ਚੈਤੰਨਿਆ ਮਹਾਂ ਪ੍ਰਭੂ ਨੂੰ ਪਹਿਲਾਂ ਜਗਨ ਨਾਥ ਪੁਰੀ ਵਿਖੇ ਮਿਲ ਚੁੱਕੇ ਸਨ। ਫਿਰ ਜਿਵੇ ਉਤੇ ਦਿੱਤਾ ਹੈ ਕਿ ਚੈਤੰਨਿਆ ਦੇ ਆਉਣ ਬਾਬਤ ਸ਼ਿਲ ਲੇਖ ਵੀ ਮੌਜੂਦ ਹੈ ਸੋ ਇਹੋ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਉਨੂੰ ਦੁਬਾਰਾ ਇਥੇ ਮਿਲੇ ਹੋਣਗੇ।

ਇਥੇ ਹੀ ਵਿਸ਼ਨੂ ਦਾ ਲਕਸ਼ਮੀ ਨਰਸਿਮਹਾ ਮੰਦਰ ਹੈ। ਪਹਾੜੀ ਤੇ ਗੁਫਾਵਾਂ ਵੀ ਹਨ। ਜੈਨੀਆਂ ਦੇ ਇਤਹਾਸਕ ਸਥਾਨ ਵੀ ਹਨ।

----◈----

## ਗੰਟੂਰ ਸਾਧੂਆਂ ਨੂੰ ਕਿਹਾ ਕਿ ਇਹ ਖੇਡ ਸੱਚ ਤੇ ਪ੍ਰੇਮ ਦੀ ਹੈ

ਫਿਰ ਗੰਟੂਰ ਵਿਖੇ ਰਾਮ ਨਾਮ ਸ਼ੇਤਰਾਮ ਮੰਦਰ ਵਿਖੇ ਵੀ ਮੇਲਾ ਸੀ। ਗੰਟੂਰ ਦਾ ਹਵਾਲਾ ਪੜ੍ਹਨ ਤੋਂ ਪਤਾ ਲੱਗਾ ਹੈ ਕਿ ਇਥੇ ਮੇਲਾ ਮਾਰਚ-ਅਪਰੈਲ ਵਿੱਚ ਹੀ ਲੱਗਦਾ ਹੈ। ਸੋ ਇਹ ਗਲ ਸਾਬਤ ਹੋ ਗਈ ਕਿ ਸ੍ਰੀ ਸੈਲਮ ਦੇ ਮਲਿਕਾਰਜੁਨ ਮੰਦਰ ਗੁਰੂ ਸਾਹਿਬ ਮੁਖ ਮੇਲੇ ਵੇਲੇ ਭਾਵ ਸ਼ਿਵਰਾਤਰੀ ਤੇ ਹੀ ਗਏ ਸਨ। ਗੰਟੂਰ ਦੇ ਮੇਲੇ ਵਿਖੇ ਲੱਗਦਾ ਹੈ ਸਾਹਿਬ ਨੇ ਸਾਧੂਆਂ ਨੂੰ ਸਰਬਵਿਆਪਕ ੧ਓ ਦਾ ਉਪਦੇਸ਼ ਦਿੱਤਾ ਕਿ ਤੇ ਹਦਾਇਤ ਕੀਤੀ ਕਿ ਸਰੀਰ ਨੂੰ ਕੋਹਣਾ ਬੰਦ ਕਰੋ ਤੇ ਵਾਹਿਗੁਰੂ ਦੀ ਰਜਾ ਵਿੱਚ ਆਓ।

ਇਹ ਵਿਸਥਾਰ ਅਸੀ ਇਸ ਕਰਕੇ ਲਿਖ ਰਹੇ ਹਾਂ ਕਿਉਂਕਿ ਹੋ ਸਕਦਾ ਹੈ ਜਿੱਥੇ ਚੈਤੰਨਿਆ ਮਹਾਪ੍ਰਭੂ ਦੇ ਚਰਨਾਂ ਦੇ ਨਿਸ਼ਾਨ ਹਨ ਕਿਤੇ ਗੁਰੂ ਸਾਹਿਬ ਦੇ ਵੀ ਭਾਵੇ ਓਥੇ ਹੋਣ। ਕਿਉਂਕਿ ਚੈਤੰਨਿਆ ਤੇ ਗੁਰੂ ਸਾਹਿਬ ਵਿੱਚ ਪਹਿਲਾਂ ਮੇਲ ਹੋ ਚੁੱਕਾ ਸੀ।

ਸੋ ਇਨਾਂ ਚਾਰਾਂ ਸ਼ਹਿਰਾਂ ਦੇ ਲੋਕਾਂ ਨੂੰ ਵੰਡ ਛਕਣ, ਸਤਿਨਾਮ ਦਾ ਉਪਦੇਸ਼ ਦੇ ਕੇ ਕਰਮ ਕਾਂਡਾਂ ਤੋਂ ਵਰਜ ਪੱਛਮ ਵਾਲੇ ਪਾਸੇ ਸ੍ਰੀਸੈਲਮ ਨੂੰ ਰਵਾਨਾ ਹੋ ਪਏ।

ਰਸਤੇ 'ਚ ਪਹਿਲਾਂ 90 ਕਿ.ਮੀ. ਦਾ ਸਫਰ ਕਰਕੇ ਸਾਹਿਬ, ਵੀਨੂਕੋਂਡਾ ਸ਼ਹਿਰ ਰੁਕੇ ਤੇ ਇਥੋਂ ਦੇ ਰਾਜੇ ਨੂੰ ਉਪਦੇਸ਼ ਦਿੱਤਾ।

----◈----

## ਸ੍ਰੀਸੈਲਮ ਵਿਖੇ ਮੱਥਾ, ਜੀਭ ਵਿੰਨੀਦੇ, ਹੱਥ, ਪੈਰ, ਜੁਬਾਨ ਵੱਢੀਦੀ ਵੇਖ ਗੁਰੂ ਸਾਹਿਬ ਦਾ ਹਿਰਦਾ ਤੜਫ ਉਠਿਆ

ਸ੍ਰੀਸੈਲਮ ਗੰਟੂਰ ਤੋਂ 215 ਕਿ.ਮੀ. ਪੱਛਮ ਵਿੱਚ ਨੱਲਾ ਮੱਲਾ ਪਹਾੜੀਆਂ ਵਿੱਚ ਸਥਿਤ ਹੈ। ਯਾਦ ਰਹੇ ਇਹ ਪੂਰਬੀ ਘਾਟ ਦੀ ਪਰਬਤ ਮਾਲਾ ਦਾ ਹਿੱਸਾ ਹੈ। ਇਸ ਬਾਬਤ ਪੰਡਿਆਂ ਨੇ ਕਹਾਣੀ ਕੁਝ ਇਉ ਘੜੀ ਹੋਈ ਹੈ:-

ਸ਼ਿਵ ਜੀ ਤੇ ਪਾਰਬਤੀ ਦੇ ਦੋ ਪੁੱਤਰ ਸਨ; ਗਣੇਸ਼ ਤੇ ਕਾਰਤਕ। ਮਾਪਿਆਂ ਨੂੰ ਸਮਝ ਨਹੀ ਸੀ ਆ ਰਹੀ ਕਿ ਕਿਹੜੇ ਪੁੱਤ ਦਾ ਵਿਆਹ ਪਹਿਲਾਂ ਕੀਤਾ ਜਾਏ। ਮਾਪਿਆ ਨੇ ਸ਼ਰਤ ਰੱਖ ਦਿੱਤੀ ਕਿ ਜਿਹੜਾ ਮੁੰਡਾ ਪਹਿਲਾਂ ਦੁਨੀਆਂ ਦਾ ਚੱਕਰ ਲਾ ਕੇ ਆਏਗਾ ਉਹਦਾ ਵਿਆਹ ਪਹਿਲਾਂ ਕੀਤਾ ਜਾਵੇਗਾ। ਕਾਰਤਕ ਤਾਂ ਮੋਰ ਤੇ ਸਵਾਰ ਹੋ ਕੇ ਰਵਾਨਾ ਹੋ ਗਿਆ। ਗਣੇਸ਼ ਸੁਸਤ ਹੁੰਦਾ ਸੀ ਪਰ ਦਿਮਾਗੀ ਸੀ। ਉਹਨੇ ਆਪਣੇ ਮਾਂ ਪਿਓ ਦੁਆਲੇ ਸੱਤ ਚੱਕ੍ਰ ਲਾ ਲਏ ਤੇ ਨਿੱਠ ਕੇ ਬਹਿ ਗਿਆ। ਵਿਚਾਰਾ ਕਾਰਤਕ ਜਦੋਂ ਆਇਆ ਤਦ ਤੱਕ ਗਣੇਸ਼ ਦੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਸਨ। ਇਹ ਵੇਖ ਕਾਰਤਕ ਵਿੱਟਰ ਗਇਆ ਤੇ ਘਰੋਂ ਨਿਕਲ ਗਇਆ। ਜਾ ਕਰੌਂਜਾ ਪਹਾੜੀਆਂ ਤੇ ਆਸਣ ਕੀਤਾ। ਮਾਪੇ ਉਨੂੰ ਲੱਭਣ ਚੜੇ। ਕਾਰਤਕ ਹੋਰ ਅੱਗੇ ਖਿਸਕਣ ਲੱਗਾ ਸੀ ਕਿ ਦੇਵਤਿਆਂ ਨੇ ਸਮਝਾ ਬੁਝਾ ਕੇ ਰੋਕ ਲਿਆ। ਸੋ ਜਦੋਂ ਦੇਵਤਿਆਂ ਨੇ ਕਾਰਤਕ ਨੂੰ ਰੋਕਿਆ ਸੀ ਮਾਪੇ ਨੱਲਾਮੱਲਾ ਪਹਾੜੀ ਤੇ ਵਿਸ਼ਰਾਮ ਕਰ ਰਹੇ ਸਨ। ਇਸ ਕਰਕੇ ਇਥੇ ਇਹ ਸਥਾਨ ਬਣਿਆ। ਬਾਕੀ ਇਥੇ ਫੁੱਲ ਚਿੱਟੇ ਚੰਮੇਲੀ ਦੇ ਚੜਾਏ ਜਾਂਦੇ ਹਨ ਇਸ ਕਰਕੇ ਨਾਂ ਬਣਿਆ ਮੱਲਿਕਾਰਜੁਨ। (ਮੱਲਿਕਾ- ਚੰਬੇਲੀ, ਅਰਜੁਨ-ਚਿੱਟਾ)

ਭਾਰਤ ਦੇ ਬਹੁਤੇ ਜੋਤੀਲਿੰਗ ਮੰਦਰਾਂ ਵਿਖੇ ਚਲ ਰਹੇ ਵਰਤਾਰੇ ਤਾਂ ਗੁਰੂ ਸਾਹਿਬ ਨੇ ਵੇਖ ਲਏ ਸਨ, ਮਲਿਕਾਰਜੁਨ ਮੰਦਰ ਅਜੇ


**ਪੈੜ ਸਫਾ**

ਕੋਹਲੀ -73 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਸਲੂਰ ਜਿਲਾ ਸ੍ਰੀਕਾਕੁਲੁਮ ਵੀ ਗਏ ਜੋ ਵਿਜੈਵਾੜਾ ਤੋਂ 500 ਕਿ.ਮੀ. ਹਟਵਾਂ ਹੈ। ਇਤਹਾਸ ਵਿੱਚ ਸ੍ਰੀਕਾਕੁਲਮ ਜਾਂ ਸਲੂਰ ਦੀ 16 ਸਦੀ ਵਿੱਚ ਕੋਈ ਅਹਿਮੀਅਤ ਨਜਰ ਨਹੀ ਆਉਦੀ। ਸਥਾਨਕ ਪੱਧਰ ਤੇ ਖੋਜ ਇਸ ਬਾਬਤ ਕੁਝ ਰੋਸ਼ਨੀ ਪਾ ਸਕਦੀ ਹੈ। ਹੋ ਸਕਦਾ ਓਥੇ ਕਿਸੇ ਉਦਾਸੀ ਸਾਧੂ ਦਾ ਡੇਰਾ ਹੋਵੇ ਜਾਂ ਹੋ ਸ੍ਰੀਸੇਲਮ ਦੇ ਮੇਲੇ ਵਿੱਚ ਅਜੇ ਦੇਰੀ ਹੋਵੇ ਤਾਂ ਗੁਰੂ ਸਾਹਿਬ ਓਧਰ ਗਏ ਹੋਣ। ਉਂਜ ਸਾਡੇ ਨਿਗ੍ਹਾ 'ਚ ਕੋਈ ਮਹੱਤਵਪੂਰਨ ਗਲ ਨਹੀ ਆਈ ਜਿਸ ਦੀ ਵਜਾ ਕਰਕੇ ਗੁਰੂ ਸਾਹਿਬ ਓਧਰ ਜਾਣ। ਜਾ ਹੋ ਸਕਦਾ ਗੁਰੂ ਸਾਹਿਬ ਸ੍ਰੀਕਾਕੁਲੁਮ ਜਗਨਨਾਥ ਪੁਰੀ ਤੋਂ ਆਏ ਹੋਣ।

ਬਾਕੀ ਸੀ। ਗੁਰੂ ਸਾਹਿਬ ਇਥੇ ਸ਼ਿਵਰਾਤਰੀ ਮੌਕੇ ਪਹੁੰਚੇ ਕਿਉਂਕਿ ਇਥੋਂ ਦਾ ਮੁਖ ਮੇਲਾ ਸ਼ਿਵਰਾਤਰੀ ਤੇ ਹੀ ਲੱਗਦਾ ਹੈ। ਇਤਹਾਸ ਤੋਂ ਇਹ ਵੀ ਮਹਿਸੂਸ ਹੁੰਦਾ ਹੈ ਕਿ ਜੇ ਗੁਰੂ ਸਾਹਿਬ ਮੇਲੇ ਵਿੱਚ ਅਜੇ ਦੇਰੀ ਹੁੰਦੀ ਤਾਂ ਸਾਹਿਬ ਨੇੜੇ ਤੇੜੇ ਦੇ ਤੀਰਥ ਅਸਥਾਨ ਵੇਖ ਲੈਂਦੇ ਸਨ। ਸੋ ਸ਼ਿਵਰਾਤਰੀ 'ਚ ਅਜੇ ਵਕਤ ਹੋਣ ਕਰਕੇ ਪਹਿਲਾਂ ਮੰਗਲਾਗਿਰੀ ਗੰਟੂਰ ਵਿਜੇਵਾੜਾ ਆਦਿ ਵੇਖੇ।

ਗੁਰੂ ਸਾਹਿਬ ਦੇ ਇਥੇ ਆਉਣ ਦੇ ਦਿਨਾਂ ਵਿੱਚ ਹੀ ਲਗ ਪਗ ਇਥੇ ਮਹਾਰਾਜਾ ਕ੍ਰਿਸ਼ਨਦੇਵ ਰਾਇਆ ਇਥੇ ਆ ਚੁੱਕਾ ਸੀ। ਇਥੇ ਬੜੀ ਹਿਰਦੇਵੇਦਕ ਰਸਮ ਚਲ ਰਹੀ ਸੀ। ਸੰਨ 1330 (ਦੇ ਆਸ ਪਾਸ) ਵਿੱਚ ਰਾਜਾ ਅਨਾਵੇਮਾ ਰੈਡੀ ਨੇ ਇੱਕ ਮੰਦਰ ਵਿੱਚ ਇੱਕ ਥੜਾ ਬਣਾ ਦਿੱਤਾ, ਜਿਸ ਤੇ ਸ਼ਰਧਾਲੂ ਆਪਣੇ ਸਰੀਰਕ ਅੰਗ ਮੰਦਰ ਨੂੰ ਦਾਨ ਕਰਦੇ ਸਨ। ਕੋਈ ਆਪਣੀ ਜੀਭ ਵੱਢਦਾ, ਕੋਈ ਹੱਥ, ਕੋਈ ਪੈਰ, ਕੋਈ ਉਂਗਲੀ ਤੇ ਕੋਈ ਪੈਰ ਦੀ ਉਂਗਲੀ, ਕੋਈ ਮੱਥਾ ਵਿੰਨਦਾ, ਕੋਈ ਜੀਭ, ਜਾਂ ਸਰੀਰ ਦਾ ਕੋਈ ਹੋਰ ਅੰਗ। ਕੋਈ ਤਾਂ ਪਹਾੜੀ ਤੋਂ ਛਾਲ ਮਾਰ ਕੇ ਆਪਣੀ ਜਾਨ ਹੀ ਦੇ ਦਿੰਦਾ। ਅਜਿਹਾ ਕਰਨ ਤੇ ਪੁਜਾਰੀਆਂ ਨੇ ਰੈਡੀ ਬਾਦਸ਼ਾਹ ਨੂੰ ਬਹੁਤ ਅਸੀਸਾਂ ਦਿੱਤੀਆਂ ਸਨ। ਦਰ ਅਸਲ ਇਹੋ ਜਿਹੀਆਂ ਸਨਸਨੀਖੇਜ ਘਟਨਾਵਾਂ ਕਰਕੇ ਮੰਦਰ ਵਿੱਚ ਦਰਸ਼ਕ ਸ਼ਰਧਾਲੂਆਂ ਦੀ ਗਿਣਤੀ ਵਧਦੀ ਸੀ ਜਿਸ ਕਾਰਨ ਪੰਡੇ ਇਹਨਾਂ ਜਾਲਮ ਰਸਮਾਂ ਨੂੰ ਉਤਸ਼ਾਹ ਦਿੰਦੇ ਸਨ।







ਹਿੰਦੂਆਂ ਵਿਚ ਨਿਰਾ ਸ੍ਰੀਸੈਲਮ ਹੀ ਨਹੀ ਥਾਂਈ ਥਾਂਈ ਸਰੀਰ ਨੂੰ ਕੋਹਣ ਦਾ ਰਵਾਜ ਸੀ। ਗੁਰੂ ਸਾਹਿਬ ਨੇ ਥਾਂ ਥਾਂ ਜਾ ਕੇ ਦੁਹਾਈ ਦਿੱਤੀ ਕਿ ਨਿਰੰਕਾਰ ਇਸ ਤਰਾਂ ਸਰੀਰ ਨੂੰ ਕਹਿਣ ਨਾਲ ਨਹੀ ਪਸੀਜਦਾ। ਗੁਰੂ ਸਾਹਿਬ ਦੀ ਸਿਖਿਆ ਨੇ ਭਾਰਤ ਵਿਚ ਇਨਕਲਾਬ ਲੈ ਆਂਦਾ ਸੀ। ਪਰ ਕਿੱਤੇ ਕਿੱਤੇ ਅੱਜ ਵੀ ਇਹ ਰਸਮਾਂ ਮੌਜੂਦ ਨੇ। ਖਾਸ ਕਰਕੇ ਹਿੰਦੂਆਂ ਦੀਆ ਉਹ ਅਬਾਦੀਆਂ ਜੋ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਹੀ ਭਾਰਤ ਤੋਂ ਹਿਜਰਤ ਕਰ ਗਈਆਂ ਸਨ ਓਥੇ ਇਹ ਰਸਮਾਂ ਅੱਜ ਵੀ ਭਾਰੂ ਹਨ। ਮਿਸਾਲ ਦੇ ਦੇ ਤੌਰ ਤੇ ਬਾਲੀ ਅਤੇ ਹੋਰ ਸਮੁੰਦਰੀ ਟਾਪੂ।

ਗੁਰੂ ਸਾਹਿਬ ਸਰੀਰ ਨੂੰ ਕੋਹ ਕੇ ਭਗਵਾਨ ਨੂੰ ਖੁਸ਼ ਕਰਨ ਵਾਲੀਆਂ ਪੂਜਾਵਾਂ ਦਾ ਪਹਿਲਾਂ ਵੀ ਖੰਡਨ ਕਰ ਚੁੱਕਾ ਸੀ।

ਦੂਸਰੇ ਪਾਸੇ ਮੁਸਲਮਾਨ ਹੁਕਮਰਾਨਾਂ ਵਾਸਤੇ ਇਹ ਵਧੀਆ ਬਹਾਨਾ ਹੁੰਦਾ ਸੀ ਮੌਕਾ ਮਿਲਣ ਤੇ ਮੰਦਰ ਨੂੰ ਲੁੱਟਣ ਤੇ ਪੁਟਣ ਦਾ। ਨਹਿਸ ਕਰਨ ਦਾ।

ਇਥੇ ਵੀ ਫਿਰ ਗੁਰੂ ਸਾਹਿਬ ਨੇ ਦੁਹਾਈ ਦਿੱਤੀ ਕਿ ਸਰੀਰ ਨੂੰ ਕੋਹਣ ਨਾਲ ਨਿਰੰਕਾਰ ਪ੍ਰਸੰਨ ਨਹੀ ਹੁੰਦਾ। ਇਹ ਜੁਲਮ ਹੈ। ਰੱਬ ਦੇ ਰਾਹ ਵਿੱਚ ਜੋਰਾ ਜਬਰਦਸਤੀ ਨਹੀ ਪਰਵਾਨ। "ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥" ਕੁਝ ਇਹੋ ਜਿਹਾ ਸ਼ਬਦ ਇਥੇ ਵੀ ਪੜ੍ਹਿਆ ਗਇਆ ਹੋਵੇਗਾ:-

ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥

ਯਾਦ ਰਹੇ ਗੁਰੂ ਸਾਹਿਬ ਦੀ ਕੀਰਤੀ ਓਦੋਂ ਤੱਕ ਪੂਰੇ ਹਿੰਦੁਸਤਾਨ ਵਿੱਚ ਫੈਲ ਚੁੱਕੀ ਸੀ। ਸਾਧੂ ਮਹਾਤਮਾ ਤੇ ਪੰਡੇ ਗੁਰੂ ਸਾਹਿਬ ਦੇ ਆਉਣ ਦੀ ਉਡੀਕ ਕਰਿਆ ਕਰਦੇ ਸਨ।

----◆----

## ਗੁਰੂ ਸਾਹਿਬ ਦਾ ਅਗਲਾ ਟੀਚਾ ਵਿਜੈਨਗਰ ਪਹੁੰਚਣਾ।

ਸੋ ਮਰਦਾਨੇ ਦੀ ਵਜਦੀ ਰਬਾਬ ਦੇ ਨਾਲ ਨਾਲ ਨਿਰੰਕਾਰ ਦੀ ਸਿਫਤ ਸਲਾਹ ਵਿੱਚ ਮਸਤ ਰੱਬ ਦਾ ਰੂਪ ਗੁਰੂ ਫਿਰ ਕਰਨੂਲ (ਆਂਧਰਾ ਪ੍ਰਦੇਸ) ਨੂੰ ਰਵਾਨਾ ਹੁੰਦਾ ਹੈ। ਕਰਨੂਲ ਇਥੋਂ 180 ਕਿ.ਮੀ. ਹੈ। ਹੰਦਰੀ- ਤੁੰਗਭਦਰਾ- ਕ੍ਰਿਸ਼ਨਾਂ ਦਰਿਆਵਾ ਦੇ ਲੱਗਪਗ ਸੰਗਮ ਤੇ, ਨੱਲਾ ਮੱਲਾ ਪਹਾੜੀਆਂ ਦੇ ਪੈਰਾਂ ਹੇਠ ਕਰਨੂਲ ਓਨੀ ਦਿਨੀ ਇੱਕ ਪੜਾਅ ਦੇ ਤੌਰ ਤੇ ਮਸ਼ਹੂਰ ਸੀ। ਕ੍ਰਿਸ਼ਨਦੇਵਾ ਰਾਇਆ ਦੇ ਅਧੀਨ ਰਾਜੇ ਦਾ ਇਥੇ ਰਾਜ ਹੁੰਦਾ ਸੀ।

----◆----

## ਤੇ ਲਓ ! ਪੰਡਿਆਂ ਨੇ ਕਰਨੂਲ ਦੇ ਲੋਕਾਂ ਦੇ ਗਲਾਂ ਵਿੱਚ ਗਿੱਠ ਗਿੱਠ ਲੰਮੀਆਂ ਗਣੇਸ਼ ਦੀਆਂ ਮੂਰਤੀਆਂ ਪਵਾਈਆਂ ਸਨ

ਕਰਨੂਲ 'ਚ ਮਰਦਾਨਾਂ ਤਾਂ ਵੇਖ ਕੇ ਦੰਗ ਰਹਿ ਗਿਆ, "ਬਾਬਾ ਜੀ ਆਹ ਚੰਗੇ ਲੋਕ ਨੇ ਇਨ੍ਹਾਂ ਤਾਂ ਪੱਥਰ ਹੀ ਗਲ 'ਚ ਪਾ ਲਏ ਨੇ।" ਗੁਰੂ ਸਾਹਿਬ ਨੇ ਇੱਕ ਪੜੇ ਲਿਖੇ ਪੰਡਤ ਨੂੰ ਪੁੱਛਿਆ ਭਈ ਤੁਸੀ ਗਲਾਂ ਵਿੱਚ ਮੂਰਤੀਆਂ ਕਿਓ ਚੁੱਕੀ ਫਿਰਦੇ ਹੋ? ਪੰਡਤ ਨੇ ਦੱਸਿਆ ਕਿ ਬਾਬਾ ਜੀ ਇਹ ਮੂਰਤੀ ਗਲ ਵਿੱਚ ਪਾਈ ਹੋਵੇ ਤਾਂ ਜਿਹੜੇ ਕੰਮ ਨੂੰ ਹੱਥ ਪਾਓ ਉਹ ਸਿੱਧ ਹੁੰਦਾ ਹੈ। ਲਾਗੇ ਹੀ ਖੜੇ ਬੰਦੇ ਨੇ ਪੰਡਤ ਦੀ ਗਲ ਕੱਟ ਦਿੱਤੀ। ਮੂਰਤੀ ਮੇਰੇ ਗਲ ਵਿੱਚ ਸੀ ਜਦੋਂ ਮੈਂ ਖੇਤ ਬੀਜਿਆ। ਸੋਕਾ ਪੈ ਗਿਆ। ਦਾਣਾ ਪੱਲੇ ਨਹੀ ਪਿਆ। ਪੰਡਤ ਨੇ ਹੋਰ ਦੱਸਿਆ ਕਿ ਤ੍ਰਿਪੁਰ ਰਾਖਸ ਨੂੰ ਸ਼ਿਵ ਜੀ ਤਾਂ ਹੀ ਖਤਮ ਕਰ ਪਾਏ ਕਿਉਂਕਿ ਸ਼ਿਵ ਜੀ ਨੇ ਗਣੇਸ਼ ਦੀ ਅਰਾਧਨਾ ਕੀਤੀ ਸੀ।

ਓਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:

(ਸਿਰੀਰਾਗੁ) ਕੀਤਾ ਕਹਾ ਕਰੇ ਮਨਿ ਮਾਨੁ ॥ ਦੇਵਣਹਾਰੇ ਕੈ ਹਥਿ ਦਾਨੁ ॥ ਭਾਵੈ ਦੇਇ ਨ ਦੇਈ ਸੋਇ ॥ ਕੀਤੇ ਕੈ ਕਹਿਐ ਕਿਆ ਹੋਇ ॥੧॥ ਆਪੇ ਸਚੁ ਭਾਵੈ ਤਿਸੁ ਸਚੁ ॥ ਅੰਧਾ ਕਚਾ ਕਚੁ ਨਿਕਚੁ ॥੧॥ ਰਹਾਉ ॥ ਜਾ ਕੇ ਰੁਖ ਬਿਰਖ ਆਰਾਉ ॥ ਜੇਹੀ ਧਾਤੁ ਤੇਹਾ ਤਿਨ ਨਾਉ ॥ ਫੁਲੁ ਭਾਉ ਫਲੁ ਲਿਖਿਆ ਪਾਇ ॥ ਆਪਿ ਬੀਜਿ ਆਪੇ ਹੀ ਖਾਇ ॥੨॥ ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥ ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥ ੩॥੩੨॥

ਸਾਹਿਬ ਨੇ ਪੰਡਤ ਦੀ ਦੇਹੀ ਨੂੰ ਹੱਥ ਲਾ ਕੇ ਪੁੱਛਿਆ ਇਹ ਕੀ ਹੈ? ਚੁੰਜ ਗਿਆਨੀ ਪੰਡਤ ਬੋਲ ਪਿਆ ਇਹ ਮਿੱਟੀ ਹੈ। ਤਾਂ ਫਿਰ ਗੁਰੂ ਸਾਹਿਬ ਨੇ ਕਿਹਾ ਓਏ ਭੋਲਿਓ ਕੀ ਪਏ ਕਰਦੇ ਹੋ ਮਿੱਟੀ ਦੇ ਗਲ ਵਿੱਚ ਮਿੱਟੀ ਪਾ ਕੇ ਕੀ ਹਾਸਲ ਕਰੋਗੇ? ਜੇ ਸੱਚ ਮੁੱਚ ਭਗਵਾਨ ਨੂੰ ਪ੍ਰਸੰਨ ਕਰਨਾਂ ਹੈ ਤਾਂ ਉਹਦਾ ਨਾਮ ਜਪੋ। ਪ੍ਰੇਮ ਵਾਲੀ ਮੂਰਤੀ ਗਲੀ ਪਓ। ਸਿਫਤ ਸਲਾਹ ਦੇ ਮਾਰਗ ਤੇ ਆਓ।

ਇਥੋ ਦੇ ਰਾਜਾ ਨੂੰ ਮਿਲ ਕੇ ੧ਓਂ ਦਾ ਗਿਆਨ ਕਰਾ, ਵੰਡ ਛੱਕਣ ਦਾ ਸਿਧਾਂਤ ਦੁਹਰਾ ਸਾਹਿਬ ਅੱਗੇ ਚਲਦੇ ਬਣੇ।

ਅੱਗੇ 100 ਕੁ ਕਿ.ਮੀ. ਪੱਛਮ ਵਿੱਚ ਗੁੱਟੀ (ਆਂਧਰਾ ਪ੍ਰਦੇਸ) ਦਾ ਮਸ਼ਹੂਰ ਕਿਲਾ ਹੈ। ਓਥੇ ਜੋਗੀਆਂ ਤੇ ਰਾਜੇ ਵਿੱਚ ਸਤਿਨਾਮ ਦੀ ਦੁਹਾਈ ਪਾ ਅੱਗੇ ਜਿੱਥੇ ਅਜਕਲ ਗੁੰਟਕਲ ਸ਼ਹਿਰ ਹੈ ਓਥੇ ਦੀ ਲੰਘਦੇ ਹੋਏ 75 ਕਿ.ਮੀ. ਦਾ ਪੈਂਡਾ ਕਰਕੇ ਬੱਲਾਰੀ ਸ਼ਹਿਰ ਪਹੁੰਚ ਗਏ ਜੋ ਅਜਕਲ ਕਰਨਾਟਕ ਸੂਬੇ ਵਿੱਚ ਹੈ।

ਬੱਲਾਰੀ ਦੀ ਕਹਾਣੀ ਵੀ ਅਜੀਬ ਹੈ। ਕਿਹਾ ਜਾਂਦਾ ਕਿ ਇਹ ਛੋਟਾ ਜਿਹਾ ਪਿੰਡ ਹੁੰਦਾ ਸੀ ਤਾ ਵਣਜਾਰੇ ਇਥੇ ਜਦੋਂ ਆਏ ਤਾਂ ਉਨਾਂ ਦੇ ਪੂਜਾ ਕਰਨ ਲਈ ਕੋਈ ਮੰਦਰ ਨਹੀ ਸੀ। ਓਨਾਂ ਨੇ ਸ਼ਿਵ ਜੀ ਦੇ ਲਿੰਗ ਦੀ ਥਾਂ, ਲਕੜੀ ਦੀ ਬੱਲੀ ਗੱਡ ਕੇ ਪੂਜਾ ਕੀਤੀ ਤੇ ਕੰਮ



ਅੱਜ ਲੋਕ ਗਿੱਠ ਗਿੱਠ ਲੰਮੇ ਲਿੰਗ ਤਾਂ ਨਹੀ ਪਾਉਦੇ ਪਰ ਰਸਮ ਅੱਜ ਵੀ ਮੌਜੂਦ ਹੈ। ਹੁਣ ਤਾਂ ਅਗਲੇ ਸੋਨੇ ਚਾਂਦੀ ਦੇ ਫਰੇਮ ਵਿਚ ਲਿੰਗ ਨੂੰ ਜੜਵਾ ਲੈਂਦੇ ਨੇ। ਸਰਦਾ ਬਣਦਾ ਹਿੰਦੂ ਮੂਰਤੀਆਂ ਹੀ ਸੋਨੇ ਚਾਂਦੀ ਦੀਆਂ ਬਣਵਾ ਲੈਂਦੇ ਨੇ।

ਚਲਾਇਆ। ਹੌਲੀ ਹੌਲੀ ਉਹ ਬੱਲਾ ਵਾਲਾ ਮੰਦਰ ਹੀ ਮਸ਼ਹੂਰ ਹੋ ਗਇਆ ਤੇ ਸ਼ਹਿਰ ਦਾ ਨਾਂ ਬੱਲਾਰੀ ਬਣ ਗਿਆ। ਹਜਾਰਾਂ ਸਾਲ ਪੁਰਾਣਾ ਸ਼ਹਿਰ ਹੈ ਇਹ। ਪਹਾੜੀ ਤੇ ਮਜਬੂਤ ਕਿਲਾ ਹੈ।⊙

ਸੋ ਸਾਹਿਬ ਨੇ ਇਥੇ ਵੀ ਰਾਜੇ ਤੇ ਪੰਡਤਾਂ ਨੂੰ ਰਾਹੇ ਪਾਇਆ ਸੀ।

----◈----

## ਬਲੱਾਰੀ ਤੋਂ 55 ਕਿ.ਮੀ. ਫਿਰ ਵਿਜੈਨਗਰ (ਅੱਜ ਦਾ ਹੰਪੀ ਸ਼ਹਿਰ ਕਰਨਾਟਕ) ਪਹੁੰਚੇ।

(500 ਸਾਲ ਪਹਿਲਾਂ ਦੁਨੀਆ ਦਾ ਵੱਡਾ ਸ਼ਹਿਰ ਤੇ ਅੱਜ ਬੇਚਰਾਗ ਹੈ ਵਿਜੈਨਗਰ)

ਜਦੋਂ ਗੁਰੂ ਸਾਹਿਬ ਵਿਜੈਨਗਰ ਨਗਰ ਆਏ ਓਦੋਂ ਇਹ ਦੁਨੀਆ ਦਾ ਦੂਸਰੇ ਨੰਬਰ ਤੇ ਸਭ ਤੋਂ ਵੱਡਾ ਸ਼ਹਿਰ ਸੀ। ਇਤਹਾਸਕਾਰਾਂ ਦਾ ਕਹਿਣਾ ਹੈ ਕਿ ਇਹ ਦੁਨੀਆ ਦਾ ਸ਼ਾਇਦ ਸਭ ਤੋਂ ਅਮੀਰ ਸ਼ਹਿਰ ਸੀ। ਅੱਜ ਇਹ ਸ਼ਹਿਰ ਬੇ-ਚਰਾਗ ਹੋ ਚੁੱਕਾ ਹੈ। ਆਲੀਸ਼ਾਨ ਇਮਾਰਤਾਂ ਦੇ ਖੰਡਰ ਅੱਜ ਵੀ ਮੌਜੂਦ ਹਨ। ਓਥੇ ਪਹੁੰਚ ਕੇ ਫਿਰ ਸ਼ਹਿਰ ਦੀ ਅਮੀਰੀ ਦੱਸਣ ਦੀ ਜਰੂਰਤ ਹੀ ਨਹੀ ਪੈਂਦੀ। ਖੰਡਰ ਆਪਣੇ ਆਪ ਬੋਲਦੇ ਹਨ।

ਇਹ ਮਹਾਰਾਜਾ ਕ੍ਰਿਸ਼ਨ ਦੇਵ ਰਾਇਆ ਦੀ ਰਾਜਧਾਨੀ ਸੀ। ਜਿਸ ਦੇ ਰਾਜ ਵਿੱਚ ਅੱਜ ਦਾ ਸਾਰਾ ਤਮਿਲਨਾਡੂ, ਕੇਰਲ, ਆਂਧਰਾ ਪ੍ਰਦੇਸ ਤੇ ਲੱਗਪਗ ਸਾਰਾ ਕਰਨਾਟਕ ਸ਼ਾਮਲ ਸੀ। ਜਦੋਂ ਗੁਰੂ ਸਾਹਿਬ ਜਗਨ ਨਾਥ ਪੁਰੀ ਵਿਖੇ ਠਹਿਰੇ ਹੋਏ ਸਨ ਐਨ ਓਨੀ ਦਿਨੀ ਹੀ ਉਸ ਨੇ ਉੜੀਸਾ ਤੇ ਹਮਲਾ ਕੀਤਾ ਸੀ। ਰਾਜਾ ਆਪ ਕਵੀ ਵੀ ਸੀ। ਓਨੀ ਦਿਨੀ ਹੀ (1520 ਈ.) ਵਿੱਚ ਇੱਕ ਪੁਰਤਗਾਲੀ ਯਾਤਰੂ ਵਿਜੈਨਗਰ ਆਇਆ ਸੀ ਜਿਸ ਨੇ ਨਗਰ ਦੀ ਸ਼ਾਨ ਬਾਰੇ ਵਿਸਥਾਰ ਵਿੱਚ ਲਿਖਿਆ ਹੈ।

ਇਤਹਾਸ ਵਿੱਚ ਕਿਤੇ ਇਸ਼ਾਰਾ ਤਾਂ ਨਹੀ ਮਿਲਦਾ ਕਿ ਗੁਰੂ ਸਾਹਿਬ ਮਹਾਰਾਜਾ ਕ੍ਰਿਸ਼ਨਦੇਵਾ ਰਾਇਆ (1509-1529 ਈ.) ਨੂੰ ਕਿਥੇ ਮਿਲੇ ਸਨ। ਪਰ ਸੰਭਾਵਨਾ ਵਿਜੈਨਗਰ ਵਿੱਚ ਹੀ ਮਿਲਣ ਦੀ ਬਣਦੀ ਹੈ। ਯਾਦ ਰਹੇ ਗੁਰੂ ਸਾਹਿਬ ਦੀ ਹਮੇਸ਼ਾਂ ਕੋਸ਼ਿਸ਼ ਹੁੰਦੀ ਸੀ ਇਲਾਕੇ ਦੇ ਹੁਕਮਰਾਨ ਨੂੰ ਮਿਲਣ ਦੀ। ਗੁਰਬਾਣੀ ਵਿੱਚ ਦੋ ਤਿੰਨ ਵਾਰੀ ਰਾਇਆ ਲਫਜ਼ ਸਾਹਿਬ ਨੇ ਵਰਤਿਆ ਹੈ। ਪੰਜਾਬੀ ਵਿੱਚ ਉਂਜ 'ਰਾਇ' ਲਫਜ ਹੈ। ਹੋ ਸਕਦਾ ਇਹ ਵਾਲਾ ਸ਼ਬਦ ਇਥੇ ਹੀ ਰਚਿਆ ਹੋਵੇ:-

ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥ ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥ ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥ ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥ ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥ ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥ ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥ ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥

ਯਾਦ ਰਹੇ ਓਨੀ ਦਿਨੀ ਮਹਾਰਾਜਾ ਰਾਇਆ ਦੇ ਦਰਬਾਰ ਵਿੱਚ ਫਾਰਸੀ ਜਾਨਣ ਵਾਲੇ ਮੁਲਾਜਮ ਸਨ। ਪੰਜਾਬੀ ਖੱਤਰੀ ਭਾਰਤ ਦੀਆ ਸਾਰੀਆਂ ਰਿਆਸਤਾਂ ਵਿੱਚ ਦੀਵਾਨੀ ਲਈ ਮਸ਼ਹੂਰ ਸਨ। ਲੱਗਦੈ ਹੇਠ ਦਿੱਤਾ ਸ਼ਬਦ ਜੋਗੀਆਂ ਦੀ ਬੋਲੀ ਵਿੱਚ ਓਨਾਂ ਇਥੇ ਹੀ ਰਚਿਆ ਸੀ।

ਮਾਰੂ ਮਹਲਾ ੧ ਦਖਣੀ ॥ ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥ ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥ ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥ ਧਰਤਿ ਉਪਾਇ ਧਰੀ ਧਰਮ ਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥ ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥ ਭਾਰ ਅਠਾਰਹ ਮਾਲਣਿ ਤੇਰੀ ॥ ਚਉਰੁ ਢੁਲੈ ਪਵਣੈ ਲੈ ਫੇਰੀ ॥ ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥ ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥ ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥ ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥ ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥ ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥ ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥

ਪੈਰ ਸਫਾ

⊙ ਗਿਆਨੀ ਗਿਆਨ ਸਿੰਘ-161, ਗਿਆਨੀ ਜੀ ਨੇ ਗੁਰੂ ਸਾਹਿਬ ਦਾ ਰਾਇਚੂਰ ਜਾਣਾ ਵੀ ਲਿਖਿਆ ਹੈ ਪਰ ਇਤਹਾਸ ਵਲ ਨਿਗਾਹ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਰਾਇਚੂਰ ਵਿਖੇ ਓਦੋਂ ਖਿਚੋਤਾਣ ਬਣੀ ਹੋਈ ਸੀ।

ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥ ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥ ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥ ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥ ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥ ਵੇਪਰਵਾਹ ਅਖੁਟ ਭੰਡਾਰੈ ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥ ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥ ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ ॥ ਦੇਖਹਿ ਆਪਿ ਬੈਸਿ ਬਿਜ ਮੰਦਰਿ ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥

1565 ਈ ਵਿੱਚ ਮੁਗਲ ਸੁਲਤਾਨਾਂ ਨੇ ਰਲ ਮਿਲ ਕੇ ਵਿਜੈਨਗਰ ਤੇ ਹਮਲਾ ਕੀਤਾ। ਸ਼ਹਿਰ ਨੂੰ ਚੰਗੀ ਤਰਾਂ ਲੁੱਟਿਆ ਪੁੱਟਿਆ ਤੇ ਤਹਿਸ ਨਹਿਸ ਕਰ ਦਿੱਤਾ। ਬਰਬਾਦ ਹੋ ਜਾਣ ਦੇ ਬਾਵਜੂਦ 1570 ਦੇ ਨੇੜੇ ਤੇੜੇ ਇੱਕ ਇਤਾਲਵੀ ਸੌਦਾਗਰ ਵਿਜੈਨਗਰ ਆ ਗਇਆ ਤੇ ਸ਼ਹਿਰ ਦੇ ਖੰਡਰਾਤ ਵੇਖ ਕੇ ਹੈਰਾਨ ਰਹਿ ਗਿਆ। ਉਸ ਨੇ ਇਸ ਬਾਬਤ ਵਿਸਥਾਰ ਨਾਲ ਲਿਖਿਆ ਹੈ



ਇਤਹਾਸਕ ਦਸਤਾਵੇਜਾਂ ਨੂੰ ਪਰੇ ਰੱਖ ਕੇ, ਜਰਾ ਵਿਜੈਨਗਰ ਦੇ ਖੰਡਰਾਂ ਨੂੰ ਵੇਖੋ ਤਾਂ ਪਤਾ ਲੱਗਦਾ ਹੈ ਕਿ ਸ਼ਹਿਰ ਦੀ ਕੀ ਸ਼ਾਨ ਰਹੀ ਹੋਵੇਗੀ। ਭਾਰਤ ਵਿਚ ਹੋਰ ਕਿਤੇ ਵੀ ਇੰਨੇ ਵਿਸ਼ਾਲ ਖੇਤਰ ਵਿਚ ਖੰਡਰਾਤ ਨਹੀ ਹਨ।

ਕਿ ਕੋਈ ਵੀ ਸ਼ਹਿਰ ਪੱਕਾ ਨਹੀ ਹੁੰਦਾ। ਕਿਸੇ ਵੀ ਸ਼ਹਿਰ ਨਾਲ ਕੁਝ ਵੀ ਹੋ ਸਕਦਾ ਹੈ। ਉਸ ਲਿਖਿਆ ਹੈ ਕਿ ਵਿਜੈਨਗਰ ਦੀਆਂ ਸ਼ਾਨਦਾਰ ਇਮਾਰਤਾਂ ਅੱਜ ਸ਼ੇਰਾਂ ਚੀਤਿਆਂ ਤੇ ਗਿੱਦੜਾ ਦਾ ਵਸੇਬਾ ਹਨ।

----◈----

**ਹੰਪੀ** - ਵਿਜੈਨਗਰ ਦੇ ਐਨ ਨਾਲ ਹੀ ਪੁਰਾਣਾ ਸ਼ਹਿਰ ਹੰਪੀ ਹੈ ਜਿਸ ਦਾ ਜਿਕਰ ਰਮਾਇਣ ਤੇ ਪੁਰਾਣਾਂ ਵਿੱਚ ਮਿਲਦਾ ਹੈ। ਕਿਉਕਿ ਇਥੇ ਪੰਪਾ ਦੇਵੀ ਦਾ ਮੰਦਰ ਪੂਰੇ ਹਿੰਦੁਸਤਾਨ ਵਿੱਚ ਪ੍ਰਸਿਧ ਹੈ। ਨਾਲ ਹੀ ਸ਼ੰਕਰਅਚਾਰੀਆ ਦਾ ਮੱਠ ਵੀ ਹੈ ਜਿੱਥੇ ਗੁਰੂ ਸਾਹਿਬ ਨੇ ਸਾਧੂਆਂ ਨੂੰ ਸਮਝਾਇਆ ਸੀ ਕਿ ਭਗਵਾਨ ਨਿਰਾ ਨਿਰਆਕਾਰ ਹੀ ਨਹੀ ਉਹ ਸਰਗੁਣ ਵੀ ਹੈ।

ਤੁੰਗਭਦਰਾ ਨਦੀ ਦੁਆਲੇ ਦਾ ਇਹੋ ਇਲਾਕਾ ਜਿੰਨੂ ਰਮਾਇਣ ਵਿੱਚ ਸੁਗਰੀਵ ਦਾ ਬਾਂਦਰ-ਦੇਸ ਕਿਹਾ ਹੈ, ਜੋ ਬਾਲੀ ਦਾ ਵੱਡਾ ਭਰਾ ਸੀ। ਰਮਾਇਣ ਵਿੱਚ ਤੁੰਗਭਦਰਾ ਦਰਿਆ ਨੂੰ ਹੀ ਪੰਪਾ-ਸਰ ਕਿਹਾ ਗਇਆ ਹੈ। ਹਨੂੰਮਾਨ ਦਾ ਵੀ ਇਹੋ ਇਲਾਕਾ ਹੈ।

----◈----

## ਮਰੇ ਪੰਛੀ ਜਿਵਾ ਕੇ ਪਛਤਾਇਆ ਬਾਬਾ ◉

ਹੰਪੀ ਦੇ ਇਲਾਕੇ ਦੀ ਗਲ ਹੈ। ਗੁਰੂ ਸਾਹਿਬ ਇੱਕ ਆਸ਼ਰਮ ਵਿੱਚ ਠਹਿਰੇ ਹੋਏ ਸਨ ਕਿ ਮਨ੍ਹੇਰ ਸਾਰ ਝੱਖੜ ਹਨੇਰੀ -ਮੀਂਹ ਆਇਆ। ਬਾਬਾ ਤੇ ਮਰਦਾਨਾ ਖਿੜਕੀ ਵਿਚੋਂ ਵੇਖਦੇ ਹਨ ਕਿ ਪੱਟ ਪੱਟ ਕੁਝ ਡਿੱਗਣ ਦੀ ਅਵਾਜ ਆ ਰਹੀ ਹੈ। ਮੀਹ ਹੱਟਣ ਤੇ ਕੀ ਤਕਦੇ ਨੇ ਕਿ ਪੰਛੀਆਂ ਦੇ ਸੱਥਰਾਂ ਦੇ ਸੱਥਰ ਲੱਥੇ ਪਏ ਨੇ: ਤੋਤੇ, ਕਬੂਤਰ, ਸ਼ਹਿਰਕਾਂ (ਗਟਾਰਾਂ) ਬੁਲਬੁਲਾਂ ਆਦਿ। ਮਰਦਾਨੇ ਨੂੰ ਬੜਾ ਦੁੱਖ ਹੋਇਆ ਇਹ ਵੇਖ ਕੇ। ਅਜੇ ਰਾਤੀਂ ਹੀ ਉਹ ਇੱਕ ਬੁਲਬੁਲ ਦੀ ਨਕਲ ਲਾਹ ਰਿਹਾ ਸੀ। ਵਿਚੇ ਤੋਤੇ ਵੀ ਸੀਟੀਆਂ ਮਾਰ ਰਹੇ ਸਨ।

ਆਸਾ ਮਹਲਾ ੧ ਪੰਚਪਦੇ ॥ ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥ ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥ ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥ ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥ ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥ ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥ ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥ ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥ ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥ ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥

ਮਰਦਾਨਾ ਤਾਂ ਵੇਖ ਕੇ ਰੋਣ ਹਾਕਾ ਜਿਹਾ ਹੋ ਗਿਆ, ਬੋਲਿਆ, "ਬਾਬਾ ਇਹ ਕੀ ਕਹਿਰ ਵਾਪਰਿਆ ਆ। ਉਹ ਵੀ ਤੇਰੇ ਇਸ ਇਲਾਕੇ ਤੇ ਆਉਣ ਤੇ?" ਬਾਬੇ ਦਾ ਹਿਰਦਾ ਵੀ ਤੜਫ ਉਠਿਆ ਤੇ ਮਰਦਾਨੇ ਨੂੰ ਕਹਿਣ ਲੱਗਾ, "ਮਰਦਾਨਿਆ ਇਨਾਂ ਪੰਛੀਆਂ ਤੇ ਸਤਿਨਾਮ ਕਹਿ ਕੇ ਜਲ ਤਰੌਂਕ, ਇਹ ਮਰੇ ਨਹੀ ਸੁੱਤੇ ਪਏ ਨੇ।" ਮਰਦਾਨੇ ਨੇ ਅਜਿਹਾ ਹੀ ਕੀਤਾ ਤਾਂ ਇੱਕ ਇਕ ਕਰਕੇ ਸਾਰੇ ਪੰਛੀ ਉੱਡ ਗਏ।

ਆਸ਼ਰਮ ਵਿੱਚ ਇਸ ਗਲ ਦੀ ਦੁਹਾਈ ਪੈ ਗਈ। ਨਾਲਦੇ ਪਿੰਡ ਦੇ ਲੋਕ ਵੀ ਮਰੇ ਹੋਏ ਪੰਛੀ ਚੁੱਕ ਲਿਆਏ। ਬਾਬੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਕਿ ਇੱਕ ਪਾਸੇ ਤਾਂ ਮੈਂ ਉਹਦੀ ਰਜਾ ਦੀ ਗਲ ਕਰਦਾ ਹਾਂ ਤਾਂ ਆਹ ਕੀ ਕਰ ਦਿੱਤਾ ਮੈਂ। ਬਾਬਾ ਬਹੁਤ ਦੁਖੀ ਹੋਇਆ। ਤੁੰਗਭਦਰਾ ਨਦੀ ਵਿੱਚ ਜਾ ਵੜਿਆ। ਬਾਹਰ ਮਰਦਾਨਾ ਦੁਹਾਈ ਦੇਵੇ, ਬਾਬਾ ਸਜਾ ਮੈਨੂੰ ਦੇ, ਕਸੂਰ ਮੇਰਾ ਆ। ਕਿੰਨਾ ਹੀ ਚਿਰ ਬਾਬਾ ਪਾਣੀ ਵਿੱਚ ਡੁੱਬਾ ਰਿਹਾ।

ਕਿਹਾ ਜਾਂਦਾ ਓਥੇ ਫਿਰ ਬਾਬੇ ਦਾ ਨਿਰੰਕਾਰ ਨਾਲ ਮੇਲ ਹੋਇਆ। ਅੰਦਰੋ ਆਵਾਜ ਆਈ ਕਿ ਇਹ ਵੀ ਮੇਰਾ ਹੁਕਮ ਸੀ ਤੈਨੂੰ ਪਸਚਾਤਾਪ ਕਰਨ ਦੀ ਜਰੂਰਤ ਨਹੀ। ਓਥੇ ਫਿਰ ਬਾਬੇ ਨੇ ਸ਼ਬਦ ਰਚਿਆ:-

ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ ॥ ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ ॥ ਕਉਣੁ ਮੂਆ ਕਉਣੁ ਮਾਰਸੀ ਕਉਣੁ ਆਵੈ ਕਉਣੁ ਜਾਇ ॥ ਕਉਣੁ ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥੧॥ ਮਃ ੧ ॥ ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥ ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥ ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥੨



----◈----

## ਜਦੋਂ ਜੰਗਲੀ ਜੀਵ ਬਾਬੇ ਦੀ ਸ਼ਰਨ ਵਿੱਚ ਆਏ ◆

ਹੰਪੀ ਤੋਂ ਚਲਕੇ ਬਦਾਮੀ ਦੇ ਇਲਾਕੇ ਵਿੱਚ ਇੱਕ ਪਹਾੜੀ ਦੀ ਗੋਦ ਵਿੱਚ ਬੈਠੇ ਸਨ ਕਿ ਮਰਦਾਨੇ ਨੇ ਓਨਾਂ ਪੰਛੀਆਂ ਦੀ ਗਲ ਛੇੜ ਦਿੱਤੀ ਜਿੰਨਾਂ ਨੂੰ ਬਾਬੇ ਨੇ ਜਿਵਾਇਆ ਸੀ। ਮਰਦਾਨਾ ਵੀ ਕਦੀ ਬਾਬੇ ਦੀ ਦੁੱਖਦੀ ਤੇ ਹੱਥ ਰੱਖ ਦਿਆ ਕਰਦਾ ਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਸਭ ਉਸ ਦੇ ਭਾਣੇ ਅੰਦਰ ਵਰਤਦਾ ਹੈ।

ਮਰਦਾਨੇ ਨੇ ਗਲ ਪਲਟੀ। ਕਹਿੰਦਾ, ਨਹੀ ਮੈ ਤਾਂ ਇਹ ਵਿਚਾਰ ਕਰ ਰਿਹਾ ਹਾਂ ਇੱਕ ਇਨਾਂ ਪਸ਼ੂ ਪੰਛੀਆਂ ਨੂੰ ਕੋਈ ਅਹਿਸਾਸ ਨਹੀ ਕਿ ਇਨਾਂ ਨਾਲ ਕੀ ਵਾਪਰੀ? ਨਾਲ ਹੀ ਮਰਦਾਨੇ ਨੇ ਪੁੱਛ ਲਿਆ ਕਿ ਕੀ ਪਸ਼ੂ ਪੰਛੀ ਵੀ ਰਜ਼ਾ ਵਿੱਚ ਹਨ? ਕੀ ਇਨਾਂ ਨੂੰ ਵੀ ਰੱਬ ਦੀ ਹੋਂਦ ਦਾ ਅਹਿਸਾਸ ਹੈ?

ਬਾਬੇ ਨੇ ਕਿਹਾ ਤੁਸੀ ਇਨਾਂ ਨੂੰ ਨਫਰਤ ਕਰਕੇ ਵੇਖੋ। ਇਨਾਂ ਨੂੰ ਪਿਆਰ ਮੁਹੱਬਤ ਕਰਕੇ ਵੇਖੋ। ਕੀ ਇਹ ਤੁਹਾਡੀ ਭਾਵਨੀ ਨੂੰ ਸਮਝਦੇ ਨੇ? ਮਰਦਾਨੇ ਕਿਹਾ ਹਾਂ ਇਹ ਸਨੇਹ ਪਿਆਰ ਹਮਦਰਦੀ ਸਮਝਦੇ ਨੇ।

ਭਾਣਾ ਰੱਬ ਦਾ। ਕੁਝ ਘੜੀਆਂ ਬਾਦ ਇੱਕ ਜਾਨਵਰ ਕਿਤੇ ਫਸ ਗਿਆ। ਪਸ਼ੂ ਇਕੱਠੇ ਹੋ ਗਏ। ਪੰਛੀਆਂ ਨੇ ਚੀਕ ਚਿਹਾੜਾ ਪਾ ਦਿੱਤਾ। ਬਾਬੇ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਜਾਓ ਤੇ ਜਾ ਕੇ ਫਸੇ ਹੋਏ ਜਾਨਵਰ ਨੂੰ ਅਜਾਦ ਕਰੋ। ਜਿਵੇ ਮਰਦਾਨੇ ਨੇ ਫਸੇ ਜਾਨਵਰ ਨੂੰ ਮੁਕਤ ਕੀਤਾ ਤਾਂ ਉਹ ਇੱਕ ਦਮ ਦੌੜ ਗਿਆ। ਬਾਕੀ ਦੇ ਜਿਹੜੇ ਜਾਨਵਰ ਸਭ ਇਕੱਠੇ ਹੋਏ ਪਏ ਸਨ ਸਭ ਬਾਬੇ ਤੇ ਮਰਦਾਨੇ ਵਲ ਆ ਗਏ। ਮਰਦਾਨਾ ਲੱਗਾ ਲਾਡ ਕਰਨ। ਹੌਲੀ ਹੌਲੀ ਹੋਰ ਜਾਨਵਰ ਆਈ ਗਏ ਤੇ ਬਾਬੇ ਦੇ ਡੇਰੇ ਲਾਗੇ।

ਬਾਬੇ ਨੇ ਮਰਦਾਨੇ ਨੂੰ ਸਮਝਾਇਆ ਕਿ ਇਹ ਸਭ ਜੀਵ ਜੰਤੂ ਪਹਿਲਾਂ ਹੀ ਅਕਾਲ ਪੁਰਖ ਦੀ ਰਜਾ ਵਿੱਚ ਹਨ। ਇਹ ਪਿਆਰ ਸਮਝਦੇ ਹਨ। ਪ੍ਰੇਮ ਹੀ ਪ੍ਰਮੇਸ਼ਰ ਦਾ ਦੂਜਾ ਨਾਮ ਹੈ। ਜਾਨਵਰਾਂ ਵਿੱਚ ਹਉਮੇ ਦੀ ਬੀਮਾਰੀ ਨਹੀ ਹੁੰਦੀ। ਇਹ ਇਨਸਾਨ ਹੀ ਹੈ ਜੋ ਰੱਬ ਵਿੱਚ ਭਰੋਸਾ ਨਹੀ ਕਰਦਾ ਤੇ ਭਵਿਖ ਵਾਸਤੇ ਚਿੰਤਤ ਰਹਿੰਦਾ ਹੈ।

ਡੇਰੇ ਦੇ ਲਾਗੇ ਜਾਨਵਰਾਂ ਦੀ ਭੀੜ ਵੇਖਕੇ ਬਾਬੇ ਨੇ ਮਰਦਾਨੇ ਨੂੰ ਕਿਹਾ ਕਿਓ ਮਰਦਾਨਿਆ ਤੇਰੇ ਸਵਾਲ ਦਾ ਜਵਾਬ ਮਿਲਿਆ ਕਿ ਨਹੀ? ਮਰਦਾਨਾ ਕਹਿੰਦਾ ਬਾਬਾ ਤੂੰ ਧੰਨ ਹੈ। ਤੂੰ ਆਪ ਨਿਰੰਕਾਰ ਦਾ ਰੂਪ ਹੈ।

----◈----

## ਬਾਗਲਕੋਟ ਦਾ ਤਲਗੰਜੀ ਗੁਰਦੁਆਰਾ ਬਦਾਮੀ–ਆਇਹੋਲ–ਬਾਗਲਕੋਟ

ਬਦਾਮੀ- ਹੰਪੀ ਤੋਂ ਫਿਰ ਸਾਹਿਬ 135 ਕਿ.ਮੀ ਉੱਤਰ ਨੂੰ ਚਲਕੇ ਬਦਾਮੀ ਸ਼ਹਿਰ ਪਹੁੰਚੇ।

ਬਦਾਮੀ-ਆਇਹੋਲ-ਬਾਗਲਕੋਟ ਪੁਰਾਤੱਤਵਾ ਦੇ ਹਿਸਾਬ ਭਾਰਤ ਦੇ ਸਭ ਤੋਂ ਅਮੀਰ ਇਲਾਕਿਆ ਵਿਚੋਂ ਹੈ। ਇਥੇ ਕੋਈ 30 ਕਿ.ਮੀ. ਦੇ ਵਿਆਸ ਵਿੱਚ 200 ਦੇ ਕਰੀਬ ਹਿੰਦੂ, ਜੈਨ, ਤੇ ਬੋਧੀ ਮੰਦਰ ਨੇ ਜੋ 500 ਸਾਲ ਤੋਂ ਵੱਧ ਪੁਰਾਣੇ ਨੇ। ਕਈ ਮੰਦਰ ਤਾਂ ਸੰਯੁਕਤ ਰਾਸ਼ਟਰ ਸੰਘ ਦੀ ਯੂਨੈਸਕੋ ਇਕਾਈ ਨੇ ਆਪਣੀ ਰੱਖਵਾਲੀ ਤਹਿਤ ਲੈ ਲਏ ਨੇ। ਵਤਾਪੀ (ਬਦਾਮੀ) ਚਾਲੂਕ ਖਾਨਦਾਨ ਦੀ ਰਾਜਧਾਨੀ ਸੀ ਜਿੰਨਾਂ ਨੇ 6ਵੀ ਸਦੀ ਈ. ਤੋਂ 12 ਸਦੀ ਤੱਕ ਦੱਖਣ ਤੇ ਮੱਧ ਭਾਰਤ ਤੇ ਰਾਜ ਕੀਤਾ। ਇਥੋਂ ਦੀਆਂ ਗੁਫਾਵਾਂ ਤੇ ਪਹਾੜ ਤਰਾਸ਼ ਤਰਾਸ਼ ਕੇ ਘੜੀਆਂ ਮੂਰਤੀਆਂ ਤੇ ਮੰਦਰ ਵੇਖ ਕੇ ਬੰਦਾ ਦੰਦਾ ਥੱਲੇ ਜਬਾਨ ਲੈ ਲੈਂਦਾ ਹੈ। ਇਥੇ ਕੁਲ ਮਿਲਾਕੇ 18 ਸਿਲਲੇਖ ਅਜਿਹੇ ਹਨ ਜਿਹੜੇ ਗੁਰੂ ਸਾਹਿਬ ਦੀ ਆਮਦ ਤੋਂ ਪਹਿਲਾਂ ਦੇ ਹਨ।

ਹਿੰਦੂ ਸ਼ਾਸਤਰਾਂ ਦੀ ਬਦਾਮੀ ਉਹ ਜਗਾ ਹੈ ਜਿੱਥੇ ਅਗਸਤ ਰਿਸ਼ੀ ਨੇ ਵਤਾਪੀ ਨਾਂ ਦੇ ਰਾਖਸ਼ ਨੂੰ ਮਾਰ ਕੇ ਖਾਧਾ ਸੀ। ਕਿਹਾ ਗਇਆ ਹੈ ਕਿ ਵਤਾਪੀ ਛਲ ਕਰਨ ਲਈ ਬਕਰੀ ਬਣ ਗਇਆ ਤੇ ਰਿਸ਼ੀ ਨੇ ਉਨੂੰ ਮਾਰ ਕੇ ਹਜਮ ਕਰ ਲਿਆ। ਵਕਤ ਪਾ ਕੇ ਵਤਾਪੀ ਨਾਂ ਬਦਾਮੀ ਬਣ ਗਿਆ।

ਇਨਾਂ ਖੂਬਸੂਰਤ ਮੰਦਰਾਂ ਨੂੰ ਵੇਖ ਵਿਸਮਾਦਿਤ ਹੋਇਆ ਇੱਕ ਸਾਥੀ ਸਾਧੂ ਕਹਿਣ ਲੱਗਾ ਕਿ ਬਾਬਾ ਨਾਨਕ ਜੀ ਇਹ ਉਹ ਥਾਂ ਹੈ ਜਿੱਥੇ ਸ੍ਰਿਸਟੀ ਦੇ ਮਾਲਕ ਭਗਵਾਨ ਦਾ ਵਾਸਾ ਹੈ। ਗੁਰੂ ਸਾਹਿਬ ਨੇ ਸਾਧੂ ਨੂੰ ਸਮਝਾਇਆ ਕਿ ਹਰੀ ਕਿਸੇ ਮੰਦਰ ਵਿੱਚ ਨਹੀ ਵਸਦਾ ਉਹ ਤਾਂ ਆਪਣੀਆਂ ਰਚਨਾਵਾਂ ਵਿੱਚ ਘਟ ਘਟ ਵਿੱਚ ਬਿਰਾਜਮਾਨ ਹੈ।

ਪਉੜੀ ॥ ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥ ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥ ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥ ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥

ਸਾਧੂ ਨੇ ਅੱਗੋ ਦਲੀਲ ਦਿੱਤੀ ਕਿ ਮੰਦਰ ਉਹ ਥਾਂ ਹੈ ਜਿੱਥੇ ਭਗਵਾਨ ਨੂੰ ਯਾਦ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਸਮਝਾਇਆ ਕਿ ਇਹ ਜਰੂਰੀ ਨਹੀ ਕਿ ਮੰਦਰ ਵਿੱਚ ਬਹਿ ਕੇ ਭਗਵਾਨ ਨੂੰ ਯਾਦ ਕੀਤਾ ਜਾਵੇ। ਇਨਸਾਨ ਜਿੱਥੇ ਕਿਤੇ ਵੀ ਉਨੂੰ ਯਾਦ ਕਰ ਸਕਦਾ ਹੈ। ਅਸਲ ਮੰਦਰ ਤਾਂ ਤੁਹਾਡਾ ਸਰੀਰ ਹੀ ਹੈ। ਮਨੁੱਖਾ ਸਰੀਰ ਦੀ ਹੋਂਦ ਤੋਂ ਬਿਨਾਂ ਭਗਵਾਨ ਨੂੰ ਯਾਦ ਨਹੀ ਕੀਤਾ ਜਾ ਸਕਦਾ:-

ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ

**ਪੈੜ ਸਰੋਤ**

◉ ਸੋਢੀ ਮਿਹਰਬਾਨ ਪੰਨਾ-269 ਨੇ ਇਹ ਸਾਖੀ ਲਿਖੀ ਹੈ। ਪਰ ਇਲਾਕੇ ਦਾ ਨਾਂ ਸਾਫ ਨਹੀ ਲਿਖਿਆ ਸਿਰਫ ਏਨਾ ਹੀ, 'ਦੱਖਣ ਦੀ ਧਰਤੀ' ਦਾ ਵਾਕਿਆ ਹੈ। ਸਾਨੂੰ ਸਮਝ ਨਹੀ ਆ ਰਹੀ ਸੀ ਕਿ ਕਿਹੜਾ ਇਲਾਕਾ ਹੋ ਸਕਦਾ ਹੈ। ਜਿਵੇ ਅਸੀ ਇੰਟਰਨੈਟ ਤੇ ਇਸ ਵਰਤਾਰੇ ਨੂੰ ਗੂਗਲ ਕੀਤਾ ਤਾਂ ਬਲਾਰੀ (ਕਰਨਾਟਕ) ਸਹਿਰ ਦੀ ਖਬਰ ਸਾਹਮਣੇ ਆ ਗਈ। ਕਿਉਕਿ ਸਾਖੀ ਵਿੱਚ ਦਰਿਆ ਦਾ ਵੀ ਜਿਕਰ ਹੈ ਇਸ ਕਰਕੇ ਅਸੀ ਹੰਪੀ ਦਾ ਇਲਾਕਾ ਲਿਖ ਦਿੱਤਾ ਹੈ। ਆਹ ਉਸ ਖਬਰ ਦਾ ਲਿੰਕ ਹੈ ਜੀ।

http://www.thehindu.com/news/national/karnataka/birds-killed-in-ballaris-hailstorm-rain/article7268213.ece

◆ ਸੋਢੀ 276 ਦੇ ਅਧਾਰ ਤੇ

ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥

----◈----

**ਬਦਾਮੀ** ਤੋਂ 33 ਕਿ.ਮੀ. (ਨੱਕ ਦੀ ਸੇਧ 24 ਕਿ.ਮੀ.) ਉੱਤਰ-ਪੂਰਬ ਫਿਰ ਗੁਰੂ ਸਾਹਿਬ ਆਇਹੋਲ ਪਹੁੰਚੇ ਤੇ ਇਥੋਂ ਦੇ ਸੁੰਦਰ ਮੰਦਰ ਵੇਖੇ। ਆਇਹੋਲ ਤੋਂ 38 ਕਿ. ਮੀ (ਨੱਕ ਦੀ ਸੀਧ 30 ਕਿ.ਮੀ.) ਬਾਗਲਕੋਟ ਹੈ। 15 ਵੀ ਸਦੀ ਵਿੱਚ ਇਲਾਕੇ ਵਿੱਚ ਤਬਦੀਲੀਆਂ ਆ ਚੁੱਕੀਆਂ ਸਨ। ਰਾਜੇ, ਬਾਗਲਕੋਟ ਦੇ ਕਿਲੇ ਨੂੰ ਬਦਾਮੀ ਨਾਲੋਂ ਜਿਆਦਾ ਅਹਿਮੀਅਤ ਦੇ ਰਹੇ ਸਨ। ਪਹਿਲਾਂ ਪਏ ਕਾਲ ਕਰਕੇ ਲੋਕ ਝੰਝੋੜੇ ਜਾ ਚੁੱਕੇ ਸਨ। ਅਨੇਕਾਂ ਵਸਨੀਕ ਇਥੋਂ ਹਿਜਰਤ ਵੀ ਕਰ ਗਏ ਸਨ। ਇੱਕ ਪਾਸੇ ਇਨਸਾਨੀ ਹੱਥਾਂ ਦੀ ਮਿਹਨਤ ਦੀ ਖੂਬਸੂਰਤੀ ਕਿ ਕਿਵੇ ਪੱਥਰਾਂ ਨੂੰ ਇਵੇਂ ਤਰਾਸ਼ਿਆ ਗਇਆ ਹੈ ਜਿਵੇ ਮੋਮ ਹੁੰਦੇ ਨੇ ਤੇ ਦੂਸਰੇ ਪਾਸੇ ਗਾਹੇ ਬਿਗਾਹੇ ਪੈਂਦੇ ਕਾਲ।

ਇਲਾਕੇ ਵਿੱਚ ਇਥੇ ਨਾਥ ਜੋਗੀਆਂ ਤੇ ਕੰਨ ਪਾਟੇ ਜੋਗੀਆਂ ਦੇ ਮੱਠ ਵੀ ਸਨ। ਗੁਰੂ ਸਾਹਿਬ ਜੋਗੀਆਂ ਦੀ ਕਾਰਜਸ਼ੈਲੀ ਤਾਂ ਪਹਿਲਾਂ ਹੀ ਪੰਜਾਬ ਵਿੱਚ ਸਮਝ ਚੁੱਕੇ ਸਨ। ਪਰ ਇਥੇ ਕਰਨਾਟਕ ਦੇ ਇਲਾਕੇ ਵਿੱਚ ਨਾਥ ਮੱਤ ਬਹੁਤ ਅੱਗੇ ਨਿਕਲ ਚੁੱਕਾ ਸੀ। ਵਿਜੈਨਗਰ ਰਿਆਸਤ ਵਿੱਚ ਤਾਂ ਨਾਥ ਜੋਗੀਆਂ ਦੀ ਤੂਤੀ ਬੋਲਦੀ ਸੀ।

ਗੁਰੂ ਸਾਹਿਬ ਬਾਗਲਕੋਟ ਦੇ ਕਿਸੇ ਨਾਥ ਮੱਠ ਵਿੱਚ ਬੜੇ ਤਰੀਕੇ ਨਾਲ ਆਪਣਾ ਸਿਧਾਂਤ ਜੋਗੀਆਂ ਨੂੰ ਸਮਝਾ ਰਹੇ ਸਨ। ਜਦੋਂ ਵੰਡ ਕੇ ਛੱਕਣ ਦੀ ਗਲ ਆਈ ਤਾਂ ਵਿੱਚ ਇੱਕ ਚਲਾਕ ਜੋਗੀ ਮਹੰਤ ਨੇ ਗੁਰੂ ਸਾਹਿਬ ਦੇ ਵੰਡ ਛਕਣ ਦੇ ਸਿਧਾਂਤ ਤੇ ਸਵਾਲ ਉਠਾਇਆ। ਇਲਾਕੇ ਵਿੱਚ ਪਹਿਲਾਂ ਹੀ ਅਕਾਲ ਵਰਗੀ ਹਾਲਤ ਸੀ। ਜੋਗੀ ਕਹਿੰਦਾ ਕਿ ਸਾਡੇ ਪਿਤਾਮਾ ਗੋਰਖ ਨਾਥ ਤਾਂ ਇੱਕ ਤਿੱਲ ਖਾ ਕੇ ਮਹੀਨੇ ਲੰਘਾ ਲੈਂਦੇ ਸੀ ਤੁਸੀ ਵੰਡਣ ਦੀ ਗਲ ਕਰਦੇ ਹੋ। ਗੁਰੂ ਸਾਹਿਬ ਨੇ ਕਿਹਾ ਕਿ ਅਸੀ ਜੋ ਖਾਂਦੇ ਹਾਂ ਸੰਗਤ ਵਿੱਚ ਵੰਡ ਕੇ ਖਾਂਦੇ ਹਾਂ। ਭੁੱਖ ਹਰ ਜੀਵ ਨੂੰ ਲੱਗਦੀ ਹੈ। ਮਹੰਤ ਨੇ ਕਹਿ ਕੇ ਗੁਰੂ ਸਾਹਿਬ ਨੂੰ ਫਿਰ ਓਹੋ ਇੱਕ ਤਿਲ ਦਾ ਦਾਣਾ ਦੇ ਦਿੱਤਾ। "ਲਓ ਜੀ ਖਾਓ ਜਾਂ ਵਰਤਾਓ ਤੁਹਾਡੀ ਮਰਜੀ।"

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਹਿ ਕੇ ਕੂੰਡੇ-ਡੰਡੇ ਨਾਲ ਉਹ ਤਿਲ ਬਰੀਕ ਕਰਕੇ ਉਹਦੀ ਸਕੰਜ਼ਵੀ ਬਣਾ ਕੇ ਸਾਰੇ ਬੈਠੇ ਜੋਗੀ ਨੂੰ ਵਰਤਾ ਦਿੱਤੀ। ਜੋਗੀ ਲਾਜਵਾਬ ਹੋ ਗਏ ਤੇ ਗੁਰੂ ਸਾਹਿਬ ਦੀ ਸ਼ਰਨੀ ਆਣ ਲੱਗੇ।



ਬਦਾਮੀ ਦੀ ਇਕ ਗੁਫਾ

ਇਹ ਹਾਲਾਤ ਵੇਖ ਮਰਦਾਨੇ ਦੀਆਂ ਉਂਗਲਾਂ ਆਪ ਮੁਹਾਰੇ ਰਬਾਬ ਦੀਆਂ ਤਾਰਾਂ ਤੇ ਚਲ ਪਈਆਂ ਤਾਂ ਇਥੇ ਗੁਰੂ ਸਾਹਿਬ ਨੇ ਫਿਰ ਮਾਰੂ ਰਾਗ ਇਹ ਸ਼ਬਦ ਬੋਲਿਆ:-

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥ ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥ ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥ ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥

ਇਥੇ ਜੋ ਮੱਠ ਸੀ ਉਹ ਫਿਰ ਧਰਮਸ਼ਾਲਾ ਤਿੱਲਰਗੰਜੀ ਦੇ ਨਾਂ ਨਾਲ ਮਸ਼ਹੂਰ ਹੋਇਆ। ਗਿਆਨੀ ਗਿਆਨ ਸਿੰਘ ਤੇ ਭਾਈ ਮਨੀ ਸਿੰਘ ਜੀ ਨੇ ਇਸ ਗੁਰਅਸਥਾਨ ਬਾਰੇ ਲਿਖਿਆ ਹੈ। ਪੰਜਾਬੋਂ ਦੂਰ ਹੋਣ ਕਾਰਨ ਵਕਤ ਪਾ ਕੇ ਤਿਲਰਗੰਜੀ ਵੀ ਸਮੇਂ ਦੀ ਜਾਬਰ ਚੱਕੀ ਵਿੱਚ ਪਿਸ ਗਿਆ।

----◈----

## ਭਗਤ ਨਾਮਦੇਵ ਦੇ ਨਗਰ ਪੰਧਰਪੁਰ ਪਹੁੰਚੇ ਬਾਬਾ ਜੀ

ਬਾਗਲਕੋਟ ਸਾਧੂਆਂ ਨੇ ਦੱਸਿਆ ਕਿ ਅੱਗੇ ਉਹ ਪੰਢਰਪੁਰ (ਮਹਾਰਾਸ਼ਟਰ) ਪਹੁੰਚ ਰਹੇ ਨੇ। ਹਾੜ ਦੀ ਇਕਾਦਸ਼ੀ ਤੇ ਵੱਡਾ ਮੇਲਾ ਲੱਗ ਰਿਹਾ ਹੈ। ਪੂਰਾ ਮਹਾਰਾਸ਼ਟਰ ਹੀ ਇੱਕ ਤਰਾਂ ਨਾਲ ਇਥੇ ਢੁਕਦਾ ਹੈ। ਉਥੇ ਭੀਮਾ (ਚੰਦਰਭਾਗਾ ਨਦੀ) ਕਿਨਾਰੇ



ਅਗੱਸਤ ਰਿਸ਼ੀ ਝੀਲ ਬਦਾਮੀ

ਵਿੱਠਲ-ਰੁਕਮਣੀ ਦਾ ਮੰਦਰ ਹੈ। ਮਹਾਰਾਸ਼ਟਰ ਦਾ ਕੁਲ ਦੇਵਤਾ ਵਿੱਠਲ ਹੈ। ਭਗਤ ਨਾਮਦੇਵ ਨੇ ਵੀ ਰੱਬ ਨੂੰ ਵਿੱਠਲ (ਬੀਠੁਲ) ਕਹਿ ਕੇ ਹੀ ਯਾਦ ਕੀਤਾ ਹੈ।




ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥ ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥ ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥ ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥ ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥ ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥ ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥ ਸੰਸਾਰੁ ਸਮੁੰਦੇ ਤਾਰਿ ਗੁੋਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥ ਅਨਿਲ ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥ ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥ ਪਾਰਿ ਉਤਾਰੇ ਕੇਸਵਾ ॥੩॥ ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥ ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥ ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥ ਪੀਛੈ ਤਿਨਕਾ ਲੈ ਕਰਿ ਹਾਂਕਤੀ ॥੧॥ ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥ ਸਰਿ ਧੋਵਨ ਚਾਲੀ ਲਾਡੁਲੀ ॥੧॥ ਰਹਾਉ ॥ ਧੋਬੀ ਧੋਵੈ ਬਿਰਹ ਬਿਰਾਤਾ ॥ ਹਰਿ ਚਰਨ ਮੇਰਾ ਮਨੁ ਰਾਤਾ ॥੨॥ ਭਣਤਿ ਨਾਮਦੇਉ ਰਮਿ ਰਹਿਆ ॥ ਅਪਨੇ ਭਗਤ ਪਰ ਕਰਿ ਦਇਆ ॥੩॥੩॥

ਸੋ ਸਾਧੂਆਂ ਦੇ ਪ੍ਰਵਾਹ ਦੇ ਨਾਲ ਹੀ ਗੁਰੂ ਸਾਹਿਬ ਪੰਢਰਪੁਰ ਵਲ ਰਵਾਨਾ ਹੁੰਦੇ ਨੇ। ਪੈਂਡਾ ਤਕਰੀਬਨ 200 ਕਿ. ਮੀ.। ਦਿਨ ਵੀ ਗਰਮੀਆਂ ਦੇ। ਰਾਹ ਵਿੱਚ ਅਬਾਦੀ ਵੀ ਵਿਰਲੀ ਹੈ। ਗਰੀਬ ਮੁਲਕ ਹੈ। ਮਰਦਾਨੇ ਦੀ ਹਾਲਤ ਦਾ ਤਾਂ ਆਪਾਂ ਅੰਦਾਜ਼ਾ ਲਾ ਹੀ ਸਕਦੇ ਹਾਂ।

ਵਿਠੱਲ ਦੇ ਮੰਦਰ ਲਾਗੇ ਬਿਰਾਜ ਫਿਰ ਗੁਰੂ ਸਾਹਿਬ ਨੇ ਸੁਰੀਲੀ ਅਵਾਜ ਵਿੱਚ ਕੀਰਤਨ ਕੀਤਾ। ਲੋਕਾਂ ਨੂੰ ਸਤਿਨਾਮ ਸਤਿਕਰਤਾਰ ਦੇ ਨਾਮ ਨਾਲ ਜੋੜਿਆ।

ਵਿਦਵਾਨਾਂ ਨੇ ਲਿਖਿਆ ਹੈ ਇਥੋਂ ਹੀ (ਪੰਢਰਪੁਰ) ਗੁਰੂ ਸਾਹਿਬ ਨੇ ਭਗਤ ਨਾਮਦੇਵ ਦੀ ਬਾਣੀ ਪ੍ਰਾਪਤ ਕੀਤੀ।

ਯਾਦ ਰਹੇ ਭਗਤ ਨਾਮਦੇਵ (1270-1350 ਈ.) ਦਾ ਜਨਮ ਨਰਸੀ ਬਾਮਣੀ (ਮੌਜੂਦਾ ਨਾਂ ਨਰਸੀ ਨਾਮਦੇਵ ਜਿਲਾ ਹਿੰਗੋਲੀ ਮਹਾਰਾਸ਼ਟਰ*) ਵਿੱਚ ਹੋਇਆ ਸੀ ਪਰ ਜਿਆਦਾ ਸਮਾਂ ਓਨਾਂ ਨੇ ਪੰਧਰਪੁਰ ਹੀ ਗੁਜਾਰਿਆ। ਓਨਾਂ ਦਾ ਦਿਹਾਂਤ ਵੀ ਪੰਧਰਪੁਰ ਵਿਖੇ ਹੀ ਹੋਇਆ ਦੱਸੀਦਾ ਹੈ। ਹਾਲਾਂਕਿ ਘੁੰਮਾਣ ਜਿਲਾ ਗੁਰਦਾਸਪੁਰ ਵਿੱਚ ਓਨਾਂ ਦੀ ਸਮਾਧ ਬਣੀ ਹੋਈ ਹੈ।

ਕਿਹਾ ਜਾਂਦਾ ਹੈ ਕਿ ਭਗਤ ਤ੍ਰਿਲੋਚਣ ਦੀ ਬਾਣੀ ਵੀ ਸਾਹਿਬ ਨੇ ਪੰਧਰਪੁਰ ਤੋਂ (80 ਕਿ.ਮੀ. ਉੱਤਰ ਪੂਰਬ) ਬਾਰਸੀ ਜਾ ਕੇ ਪ੍ਰਾਪਤ ਕੀਤੀ। ਪਰ ਅਸੀ ਇਸ ਗਲ ਨਾਲ ਸਹਿਮਤ ਨਹੀ। ਅਸੀ ਸਮਝਦੇ ਹਾਂ ਕਿ ਸਾਹਿਬ ਨੇ ਤਿਰਲੋਚਨ ਦੀ ਬਾਣੀ ਆਪਣੀਆਂ ਯਾਤਰਾਵਾਂ ਦੌਰਾਨ ਹੋਰ ਕਿਸੇ ਸ਼ਰਧਾਲੂ ਤੋਂ ਪ੍ਰਾਪਤ ਕੀਤੀ। ਖੈਰ ਭਗਤ ਜੀ ਦੀ ਇੱਕ ਪਉੜੀ:-

ਗੂਜਰੀ ॥ ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥ ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥ ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥ ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥ ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

----◈----

## ਨਾਨਕ ਝੀਰਾ

**ਬਾਹਮਣੀ ਰਿਆਸਤ ਦੇ ਵੀਰਾ ਸ਼ਾਹ ਨੂੰ ਮਿਲਣ ਗਏ ਦੋ ਜਹਾਂ ਦੇ ਵਾਲੀ**◉ ਪੰਢਰਪੁਰ ਤੋਂ ਸਾਹਿਬ 250 ਕਿਲੋਮੀਟਰ ਦਾ ਪੈਂਡਾ ਕਰਕੇ ਬਿਦਰ ਗਏ। ਰਸਤੇ ਵਿੱਚ ਸੋਲਾਪੁਰ (ਸ਼ੋਲਾਪੁਰ) ਵਿੱਚ

---

ਪੈੜ ਸਫ਼ਾ

**ਤਿਲਗੰਜੀ** ਗਿਆਨੀ ਗਿਆਨ ਸਿੰਘ - 161

ਕਿਰਪਾਲ ਸਿੰਘ -85, ਨੇ ਤਿਲਗੰਜੀ ਕੇਰਲਾ ਵਿੱਚ ਹੋਣਾ ਲਿਖਿਆ ਹੈ। ਅਸਲ ਵਿੱਚ ਕਸਬਾ ਪਾਅਲਮ ਤੇ ਕੋਟਾਯਮ ਦੇ ਵਿਚਕਾਰ ਸਿੱਖ ਧਰਮਸਾਲਾ ਬਣੀ ਸੀ। 1936 ਈ ਵਿੱਚ ਕੇਰਲਾ ਦੇ ਕੁਝ ਲੋਕ ਜਿੰਨਾਂ ਨੂੰ ਮੰਦਰ ਅੰਦਰ ਵੜਨ ਤੋਂ ਪੁਜਾਰੀਆਂ ਨੇ ਰੋਕਿਆ ਸੀ ਉਹ ਸਿੱਖ ਬਣ ਗਏ। ਓਥੇ ਗੁਰਦੁਆਰਾ ਬਣਿਆ ਸੀ। ਜਿਸ ਦਾ ਤਿਲਗੰਜੀ ਨਾਲ ਸਬੰਧ ਨਹੀ ਹੈ। ਗੁਰਧਾਮ ਸੰਗ੍ਰਿਹ -44 'ਚ ਵੀ ਗਿਆਨੀ ਏਥੇ ਹੀ ਲਿਖਦਾ ਹੈ।

ਕੋਹਲੀ - 74, ਨੇ ਤਿਲਗੰਜੀ ਨੂੰ ਮਹਿਬੂਬ ਨਗਰ ਦੇ ਕਸਬਾ ਪੰਗਲ ਵਿਖੇ ਹੋਣਾ ਲਿਖਿਆ ਹੈ। ਪੰਗਲ ਸਿਰਫ ਇੱਕ ਰੁੱਖਾ ਜਿਹਾ ਕਿਲਾ ਹੈ। ਦਰ ਅਸਲ ਗਿਆਨੀ-161 ਨੇ ਬਾਗਲਕੋਟ ਨੂੰ ਪਾਗਲ ਪੁਰ ਲਿਖ ਦਿੱਤਾ ਤੇ ਕੋਹਲੀ ਨੇ ਪਾਗਲ ਪੁਰ ਨੂੰ ਪੰਗਲ ਸਮਝ ਲਿਆ। ਪੰਗਲ ਵਿਖੇ ਕਿਸੇ ਜੋਗੀ/ਨਾਥ ਮੱਠ ਦੇ ਹੋਣ ਦਾ ਕੋਈ ਇਸ਼ਾਰਾ ਨਹੀ ਮਿਲਦਾ ਤੇ ਨਾਂ ਹੀ ਪੰਗਲ ਕਾਲ ਵਾਲੇ ਇਲਾਕੇ ਵਿੱਚ ਪੈਦਾ ਹੈ।

ਸ਼ਬਦ ਦੀ ਭਾਸ਼ਾ ਤੋਂ ਲੱਗਦਾ ਹੈ ਕਿ ਨਾਥ ਜੋਗੀਆਂ ਦੀ ਸਭਾ ਵਿੱਚ ਮਹਾਰਾਸ਼ਟਰ ਦੇ ਜੋਗੀਆਂ ਦੀ ਬਹੁਲਤਾ ਹੋਵੇਗੀ ਜਾਂ ਮਹੰਤ ਮਰਾਠੀ ਹੋਵੇਗਾ ਜਿਸ ਕਰਕੇ ਗੁਰੂ ਸਾਹਿਬ ਨੇ ਮਰਾਠੀ ਭਾਸ਼ਾ ਦਾ ਲਹਿਜਾ ਵਰਤਿਆ ਹੈ। ਉਂਜ ਵੀ ਬਾਗਲਪੁਰ ਮਹਾਰਾਸ਼ਟਰ ਵਾਲੇ ਪਾਸੇ ਆ ਪੈਂਦਾ ਹੈ। ਇਥੋਂ ਮਹਾਰਾਸ਼ਟਰ ਦੀ ਸੀਮਾ 70-80 ਕਿ.ਮੀ. ਹੈ। ਸੋ ਸਾਨੂੰ ਲਗਦਾ ਹੈ ਇਹ ਘਟਨਾ ਇਸ ਇਲਾਕੇ ਦੀ ਹੀ ਹੈ।

$ ਇਹੋ ਅੜਾਉਣੀ ਇੱਕ ਵੇਰਾਂ ਕੋਇਟਾ -ਬਲੋਚਿਸਤਾਨ (ਸਫਾ-451) ਦੇ ਜੋਗੀਆਂ ਨੇ ਪਾਈ ਸੀ। ਓਥੇ ਵੀ ਤਲਗੰਜੀ ਗੁਰਦੁਆਰਾ ਅੱਜ ਤੱਕ ਮੌਜੂਦ ਹੈ। ਓਥੋਂ ਦੀ ਸਾਖੀ ਦਸਦੀ ਹੈ ਕਿ ਕਿਸੇ ਸਿੱਖ ਦੀ ਕੋਈ ਨਿਮਾਣੀ ਜਿਹੀ ਭੇਟ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਵਰਤਾ ਕੇ ਅਜਿਹਾ ਕੌਤਕ ਕੀਤਾ ਕਿ ਹਰ ਕੋਈ ਧੰਨ ਧੰਨ ਗੁਰੂ ਨਾਨਕ ਕਹੇ।

ਗਿਆਨੀ ਅਨੁਸਾਰ ਤਿਲਗੰਜੀ ਕਰਨਾਟਕ ਦੇ ਬਾਗਲਕੋਟ ਇਲਾਕੇ ਵਿਚ ਸੀ। ਅਸੀ ਬਾਗਲਕੋਟ ਵਿਚ ਪੜ੍ਹ ਚੁੱਕੇ ਇੰਜੀਨੀਰਿੰਗ ਕਾਲਜ ਦੇ ਕੁਝ ਸਿੱਖ ਵਿਦਿਆਰਥੀ ਨਾਲ ਇਸ ਬਾਬਤ ਗਲ ਕੀਤੀ ਹੈ ਤੇ ਪਤਾ ਲੱਗਾ ਕਿ ਤਿਲਗੰਜੀ ਗੁਰਦੁਆਰਾ ਛੱਡ ਇਥੇ ਇਸ ਵੇਲੇ ਕੋਈ ਜੋਗੀ ਮੱਠ ਜਾਂ ਆਸ਼ਰਮ ਨਹੀ ਬਚਿਆ। ਫਿਰ ਵੀ ਹੋਰ ਤਫਤੀਸ਼ ਦੀ ਜਰੂਰਤ ਹੈ।

**ਬਾਰਸੀ** - ਅਜੋਕੇ ਵਿਦਵਾਨਾਂ ਦਾ ਕਹਿਣਾ ਹੈ ਕਿ ਭਗਤ ਤ੍ਰਿਲੋਚਣ ਦਾ ਬਾਰਸੀ ਨਾਲ ਕੋਈ ਸਬੰਧ ਨਹੀ। ਬਾਰਸੀ ਵਿੱਚ ਕੋਈ ਨਹੀ ਮੰਨਦਾ ਕਿ ਇਥੇ ਕੋਈ ਭਗਤ ਤਿਰਲੋਚਨ ਹੋਇਆ ਹੈ। ਸੋ ਇਹ ਗਲ ਖੋਜ ਦੀ ਮੁਥਾਜ ਹੈ ਕਿ ਗੁਰੂ ਸਾਹਿਬ ਬਾਰਸੀ ਗਏ ਕਿ ਨਹੀ। ਇਹ ਵੀ ਕਿਹਾ ਜਾ ਰਿਹਾ ਕਿ ਭਗਤ ਜੀ ਸਨ ਤਾਂ ਯੂ ਪੀ ਦੇ ਪਰ ਸੰਤ ਗਿਆਨ ਦੇਵ ਨਾਲ ਮਹਾਰਾਸ਼ਟਰ ਚਲੇ ਗਏ ਸਨ।

ਸਤਿਨਾਮ ਸਤਿਕਰਤਾਰ ਦਾ ਪ੍ਰਚਾਰ ਕੀਤਾ। ਨਲਦੁਰਗ ਦਾ ਕਿਲਾ ਵੇਖਿਆ ਤੇ ਰਾਜੇ ਨਾਲ ਮੇਲ ਕੀਤਾ। ਅੱਗੇ ਉਮਰਗਾ ਇਲਾਕੇ ਦੇ ਮੰਦਰ ਵੇਖੇ ਤੇ ਪੜਾਅ ਕੀਤਾ।

ਓਨਾਂ ਦਿਨਾਂ ਵਿੱਚ ਬਿਦਰ (ਕਰਨਾਟਕ) ਵਿੱਚ ਬੜੀ ਮਹੱਤਵਪੂਰਨ ਰਿਆਸਤ ਹੋਈ ਹੈ 'ਬਾਹਮਣੀ ਸਲਤਨਤ'। ਇਹ ਬ੍ਰਾਹਮਣ ਭਾਵ ਪੰਡਤ ਨਹੀ ਸਨ। ਇਹ ਮੁਸਲਮਾਨ ਸਨ ਤੇ ਇਹਨਾਂ ਦਾ ਮੂਲ ਅਸਥਾਨ ਕੋਈ ਬਾਹਮਣ ਪਿੰਡ ਈਰਾਨ ਵਿੱਚ ਸੀ। 1518 ਈ ਵਿੱਚ ਇਹ ਰਿਆਸਤ ਫਿਰ ਖੇਰੂ ਖੇਂਰੂ ਹੋ ਗਈ। ਬਿਦਰ ਸ਼ਹਿਰ ਦੇ ਥਾਵਾਂ ਬਜਾਰਾਂ ਦੇ ਨਾਵਾਂ ਤੋਂ ਲੱਗਦਾ ਹੈ ਕਿ ਇਨਾਂ ਬਾਦਸ਼ਾਹਾਂ ਦੇ ਮੁਲਾਜਮ ਵੱਡੀ ਗਿਣਤੀ ਵਿੱਚ ਪੰਜਾਬੀ ਮੁਸਲਮਾਨ ਸਨ। ਇਹ ਗਲ ਸਿਰਫ ਬਾਹਮਣੀ ਸਲਤਨੱਤ ਤੇ ਹੀ ਲਾਗੂ ਨਹੀ ਹੁੰਦੀ। ਮੁਗਲਾਂ ਨੇ ਵੀ ਪੰਜਾਬੀ ਲੋਕਾਂ ਨੂੰ ਆਪਣੇ ਨਾਲ ਨਾਲ ਰਖਿਆ।

ਗੁਰੂ ਸਾਹਿਬ ਦਾ ਬਿਦਰ ਜਾਣਾ ਸਾਬਤ ਕਰਦਾ ਹੈ ਕਿ ਉਹ 1518 ਤੋਂ ਪਹਿਲਾਂ ਪਹਿਲਾਂ ਹੀ ਦੱਖਣ ਦੀ ਯਾਤਰਾ ਕਰ ਚੁੱਕੇ ਸਨ। ਜਦੋਂ ਗੁਰੂ ਸਾਹਿਬ ਬਿਦਰ ਗਏ ਓਦੋਂ ਬਾਦਸ਼ਾਹ ਵੀਰਾ-ਸ਼ਾਹ ਉਰਫ ਮਹਿਮੂਦ ਸ਼ਾਹ ਬਾਹਮਣੀ ਦੂਜਾ ਤਖਤ ਤੇ ਸੀ। ਕਿਉਕਿ ਇਹ ਯਾਤਰਾ ਸ੍ਰੀਸੈਲਮ ਦੇ ਮੇਲੇ (ਸ਼ਿਵਰਾਤਰੀ) ਤੇ ਪੰਢਰਪੁਰ ਦੇ ਮੇਲੇ ਬਾਦ ਹੋਈ ਇਸ ਪ੍ਰਕਾਰ ਇਹ ਅਕਤੂਬਰ 1514 ਬਣਦੀ ਹੈ। ਇਹ ਕੋਈ ਇਸ਼ਾਰਾ ਨਹੀ ਮਿਲਦਾ ਕਿ ਰਾਜੇ ਨੇ ਗੁਰੂ ਸਾਹਿਬ ਨੂੰ ਮਿਲਣ ਲਈ ਵਕਤ ਕੱਢਿਆ ਕਿ ਨਹੀ। ਪਰ ਇਤਿਹਾਸ ਤੋਂ ਇਹੋ ਅੰਦਾਜ਼ਾ ਲੱਗਦਾ ਕਿ ਐਸ਼ੋ ਆਰਾਮ ਤੋਂ ਇਲਾਵਾ ਰਾਜੇ ਕੋਲ ਅਜਿਹੇ ਰੂਹਾਨੀਅਤ ਦੇ ਕੰਮਾਂ ਲਈ ਵਕਤ ਕਿਥੇ ਸੀ।







ਗੁਰਦੁਆਰਾ ਨਾਨਕ ਝੀਰਾ ਬਿਦਰ। ਗੁਰੂ ਸਾਹਿਬ ਨੇ ਜੋ ਝੀਰਾ (ਚਸ਼ਮਾ) ਜਾਰੀ ਕੀਤਾ ਅਤੇ ਪੱਥਰ ਤੇ ਚਰਨਾਂ ਦਾ ਨਿਸ਼ਾਨ।

ਬਦਕਿਸਮਤ ਗੁਰੂ ਸਾਹਿਬ ਦੇ ਦਰਸ਼ਣਾ ਤੋਂ ਵਾਂਝਾ ਰਹਿ ਗਇਆ ਤੇ ਸਾਹਿਬ ਦੇ ਪਰਤਣ ਤੋਂ ਛੇਤੀ ਬਾਦ ਹੀ 1518 ਈ. ਵਿੱਚ ਉਹਦਾ ਰਾਜ ਖੇਰੂ ਖੇਰੂ ਹੋ ਜਾਂਦਾ ਹੈ।

ਜਦੋਂ ਸਾਹਿਬ ਬਿਦਰ ਪਹੁੰਚੇ ਓਥੇ ਪੀਰ ਹਜਰਤ ਜਲਾਲਦੀਨ ਤੇ ਉਹਦੇ ਚੇਲੇ ਯਾਕੂਬ ਅਲੀ ਕੋਲ ਠਹਿਰੇ। ਹਜਰਤ ਜਲਾਲਦੀਨ ਦੀ ਬਿਦਰ ਵਿੱਚ ਵੱਡੀ ਮੰਨਤਾ ਸੀ। ਰੂਹਾਨੀਅਤ ਨਾਲ ਸਬੰਧਤ ਬਹੁਤ ਵੀਚਾਰਾਂ ਹੋਈਆਂ। ਗੁਰੂ ਸਾਹਿਬ ਦੀ ਇਹ ਵੀ ਸਿਫਤ ਸੀ

ਪੈੜ ਸਫਾ

⊙ ਪੰਡਤ ਤਾਰਾ ਸਿੰਘ ਨਿਰੋਤਮ ਨੇ ਵੀ ਸਾਫ ਲਿਖਿਆ ਹੈ ਕਿ ਇਥੇ ਝੀਰਾ ਮੁਸਲਮਾਨ ਫਕੀਰਾਂ ਨੇ ਸਾਂਭਿਆ ਹੋਇਆ ਹੈ।

ਕਰਨਾਟਕ ਯੂਨੀਵਰਸਿਟੀ ਦੇ ਮਾਰੂਤੀ ਕਾਂਬਲੇ ਨੇ ਬਿਦਰ ਦੇ ਸੂਫੀ ਫਕੀਰਾਂ ਤੇ ਕਾਰਜ ਕੀਤਾ ਹੈ। ਉਸ ਦੇ ਅਨੁਸਾਰ ਬਿਦਰ ਵਿੱਚ ਪੀਰਾਂ ਦੀਆਂ ਕੁਲ 37 ਦਰਗਾਹਾਂ ਹਨ। ਸਾਡੇ ਭਵਿਖ ਦੇ ਖੋਜੀ ਪਤਾ ਕਰ ਸਕਦੇ ਹਨ ਕਿ ਗੁਰੂ ਸਾਹਿਬ ਦਾ ਵਾਰਤਾਲਾਪ ਕਿਸ ਨਾਲ ਹੋਇਆ ਸੀ।

ਇਕ ਹੋਰ ਸਰੋਤ ਅਨੁਸਾਰ ਜਿਹੜਾ ਗੁਰਦੁਆਰਾ ਸਾਹਿਬ ਦੇ ਨਾਲ ਜੋ ਮਕਬਰਾ ਹੈ ਉਹ ਹਜਰਤ ਅਲੀ ਬਰੀਦ ਦਾ ਹੈ। ਉਹ 1518 ਤੋਂ 1527 ਤੱਕ ਬਿਦਰ ਦਾ ਅਸਲ ਹੁਕਮਰਾਨ ਸੀ ਕਿਉਕਿ ਇਸ ਦੌਰਾਨ ਜਿਹੜੇ ਰਾਜੇ ਹੋਏ ਹਨ ਉਹ ਉਹਦੀਆਂ ਕਠਪੁਤਲੀਆਂ ਸਨ।

ਨਾਨਕ ਝੀਰਾ ਗੁਰਦੁਆਰਾ ਦੇ ਨਾਲ ਹੀ ਜੋਗਾ ਸਿੰਘ ਨੇ ਸੰਨ 1980 ਵਿੱਚ ਇੰਜੀਅਰਿੰਗ ਕਾਲਜ ਸ਼ੁਰੂ ਕੀਤਾ। ਕਿਉਕਿ ਘੱਟ ਗਿਣਤੀਆਂ ਕਨੂੰਨ ਤਹਿਤ ਉਹ ਡੋਨੇਸ਼ਨ (ਦਾਨ) ਲੈ ਕੇ ਸਿੱਖ ਬੱਚਿਆਂ ਨੂੰ ਦਾਖਲਾ ਦੇ ਰਿਹਾ ਸੀ, ਜਿਸ ਕਾਰਨ ਕਰਨਾਟਕ ਨਿਵਾਸੀਆਂ ਵਿੱਚ ਕਾਲਜ ਖਿਲਾਫ ਰੋਹ ਵਧਦਾ ਗਿਆ। ਦੂਸਰੇ ਪਾਸੇ ਹਰਮੰਦਰ ਸਾਹਿਬ ਦੇ ਫੌਜੀ ਹਮਲੇ ਤੇ ਦਿੱਲੀ 1984 ਉਪਰੰਤ ਸਰਕਾਰ ਵਲੋਂ ਵਿੱਢੇ ਪ੍ਰਾਪੇਗੰਡੇ ਕਰਕੇ ਸਿੱਖਾਂ ਖਿਲਾਫ ਨਫਰਤ ਜੋਰਾਂ ਤੇ ਸੀ। ਅਖੀਰ 14 ਸਤੰਬਰ 1988 ਨੂੰ ਬਿਦਰ ਦੇ ਹਿੰਦੂਆਂ ਨੇ ਸਿੱਖ ਵਿਦਿਆਰਥੀਆਂ ਤੇ ਹਮਲੇ ਕਰ ਦਿੱਤੇ। ਕੋਈ 80 ਵਿਦਿਆਰਥੀ ਜਖਮੀ ਕੀਤੇ ਤੇ 7 ਨੂੰ ਕਤਲ ਕਰ ਦਿੱਤਾ।

ਫਿਰ ਵਿਡੰਬਣਾ ਵੇਖੋ ਸ਼ਾਂਤੀ ਦੇ ਦੂਤ ਗੁਰੂ ਨਾਨਕ ਤੇ ਓਨਾਂ ਦੇ ਨਾਂ ਤੇ ਬਣੇ ਵਿਸ਼ਾਖਾਪਟਨਮ ਦੇ ਗੁਰਦੁਆਰੇ ਅੰਦਰ 5 ਅਕਤੂਬਰ 2013 ਨੂੰ ਬਿਨਾਂ ਕਾਰਨ ਸਥਾਨਕ ਲੋਕਾਂ ਨੇ ਭੰਨ ਤੋੜ ਕੀਤੀ। ਸੂਝਵਾਨ ਗ੍ਰੰਥੀ ਨੇ ਮੌਕਾ ਵੇਖ ਗੁਰੂ ਗ੍ਰੰਥ ਸਾਹਿਬ ਤਾਂ ਸਾਂਭ ਲਿਆ ਪਰ ਹੁਲੜਬਾਜਾਂ ਨੇ ਪਾਲਕੀ ਦੀ ਬੇਅਦਬੀ ਕਰਕੇ ਆਪਾਂ ਸਾੜਾ ਕੱਢਿਆ। ਹੁਲੜਬਾਜਾਂ ਦਾ ਜਲੂਸ ਤਿਲੰਗਾਨਾ ਸੂਬੇ ਦੀ ਮੰਗ ਕਰ ਰਿਹਾ ਸੀ ਜਿਸ ਦਾ ਗੁਰਦੁਆਰਾ ਜਾਂ ਸਿੱਖਾਂ ਨਾਲ ਦੂਰ ਦਾ ਵੀ ਵਾਸਤਾ ਨਹੀ ਸੀ ਬਣਦਾ। ਇਹ ਸਭ ਸਿੱਖਾਂ ਦੀ ਕਮਜੋਰ ਰਾਜਨੀਤਕ ਅਵਸਥਾ ਦੀਆਂ ਅਲਾਮਤਾਂ ਹਨ।

ਖੈਰ ਕੋਹਲੀ -75 ਅਤੇ ਗਿਆਨੀ 160, ਨੇ ਲਿਖਿਆ ਹੈ ਕਿ ਸਾਹਿਬ ਗੋਲਕੁੰਡਾ ਵੀ ਗਏ। ਅਸੀ ਇਸ ਗਲ ਵਿੱਚ ਦਮ ਨਹੀ ਸਮਝਦੇ ਕਿਉਕਿ ਗੋਲਕੁੰਡਾ ਦੀ ਅਹਿਮੀਅਤ ਬਾਹਮਣੀ ਸਲਤਨਤ ਦੇ ਕਮਜੋਰ ਹੋਣ ਤੋਂ ਬਾਦ ਭਾਵ 1518 ਤੋਂ ਬਾਦ ਹੋਈ ਸੀ। ਸੋ ਓਥੇ ਜਾਣ ਦੀ ਕੋਈ ਜਿਆਦਾ ਤੁਕ ਨਹੀ ਬਣਦੀ। ਨਾਲੇ ਕੋਈ ਵੀ ਮੁਸਾਫਿਰ ਥੋੜੀ ਕੀਤਿਆਂ ਪਿੱਛਾਂ ਨੂੰ ਸਫਰ ਨਹੀ ਕਰਦਾ।

ਏਸੇ ਤਰਾਂ ਏਨਾਂ ਮਾਣਯੋਗ ਲਿਖਾਰੀਆ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਮੇਡਕ ਵੀ ਗਏ ਪਰ ਮੇਡਕ ਦੀ ਅਹਿਮੀਅਤ ਵੀ ਬਹੁਤ ਬਾਦ ਵਿੱਚ ਨਿਜਾਮਸ਼ਾਹੀ ਵੇਲੇ ਬਣਦੀ ਹੈ।

ਬਿਦਰ ਤੋਂ 12 ਕਿਲੋਮੀਟਰ ਪਹਾੜ ਪਾਸੇ ਜਨਵਾੜਾ ਪਿੰਡ ਵਿੱਚ ਮਾਈ ਭਾਗੋ ਸੰਨ 1709 ਵਿੱਚ ਆ ਵਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਵਿਖੇ ਜੋਤੀ ਜੋਤ ਸਮਾ ਗਏ ਸਨ। ਇਹ ਗਲ ਖੋਜ ਅਧੀਨ ਹੈ ਮਾਈ ਨੇ ਜਨਵਾੜਾ ਕਿਓ ਚੁਣਿਆ?

ਕਿ ਜਿਹਦੇ ਨਾਲ ਗਲ ਕਰਦੇ ਸਨ ਉਨੂੰ ਪੂਰਾ ਸਤਿਕਾਰ ਦੇਂਦੇ ਤੇ ਆਪਣੇ ਆਪ ਨੂੰ ਨੀਵਾਂ ਦਸਦੇ। ਉਂਜ ਵੀ ਦੁਨੀਆ ਦਾ ਚਲਣ ਹੈ ਕਿ ਜਿਸ ਦੇ ਪੱਲੇ ਕੁਝ ਹੋਵੇ ਉਨੂੰ ਫੜਾਂ ਮਾਰਨ ਦੀ ਜਰੂਰਤ ਨਹੀ ਪੈਂਦੀ। ਸਾਹਿਬ ਤਾਰੀਫ ਆਪਣੇ ਨਿਰੰਕਾਰ ਮਾਲਕ ਦੀ ਕਰਦੇ ਤੇ ਅਗਲਾ ਸਮਝਦਾ ਕਿ ਗੁਰੂ ਉਹਦੀ ਉਸਤਤ ਕਰ ਰਿਹਾ ਹੈ। ਪੀਰਾਂ ਨੇ ਬੜੇ ਆਦਰ ਸਤਿਕਾਰ ਨਾਲ ਸਵਾਲ ਪੁੱਛੇ।

"ਸੁਣਿਐ ਨਾਨਕ ਤੁਸੀ ਕਿਸੇ ਸ਼ਾਹੀ ਖਾਨਦਾਨ ਦੇ ਕਾਰਦਾਰ ਦੇ ਪੁੱਤਰ ਹੋ?"

ਸਾਹਿਬ ਨੇ ਜਵਾਬ ਦਿੱਤਾ:

"ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥ ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥"

"ਨਾਨਕ ਸਾਨੂੰ ਪਤਾ ਲੱਗਾ ਤੁਸੀ ਦੁਨੀਆ ਘੁੰਮ ਰਹੇ ਹੋ। ਤੁਹਾਡਾ ਕੀ ਨਿਸ਼ਾਨਾ ਹੈ?"

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥

ਮੈਂ ਤਾਂ ਬਸ ਕਰਤਾਰ ਦਾ ਢਾਢੀ ਹਾਂ ਮਿਰਾਸੀ ਹਾਂ। ਕਰਤਾਰ ਦੀ ਸਿਫਤ ਸਲਾਹ ਹੀ ਮੇਰੀ ਕਲਿਆਣ ਹੈ। ਕਰਤਾਰ ਦਾ ਜੱਸ ਗਾਉਣਾ ਹੀ ਮੇਰਾ ਰੋਟੀ ਪਾਣੀ ਹੈ।

ਅਗੇ ਪੀਰ ਪੁੱਛਣ ਲੱਗੇ ਕਿ ਤੁਸੀ ਦੁਨੀਆਂ ਫਿਰ ਰਹੇ ਹੋ ਕੀ ਹਾਲਾਤ ਨੇ ਮੁਲਕ ਦੇ?

ਸਾਹਿਬ ਬੋਲੇ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥

ਕਈ ਦਿਨ ਗੁਰੂ ਸਾਹਿਬ ਬਿਦਰ ਦੇ ਪੀਰਾਂ ਨਾਲ ਰਹੇ। ਸਾਹਿਬ ਨੇ ਸ਼ਹਿਰ ਦੇ ਪਹਾੜ ਪਾਸੇ ਟਿਕਾਣਾ ਕੀਤਾ ਹੋਇਆ ਸੀ। ਪਾਣੀ ਲੈਣ ਦੂਰ ਜਾਣਾ ਪੈਂਦਾ ਸੀ। ਗਰਮੀਆਂ ਦੇ ਦਿਨ ਸਨ। ਸੰਗਤ ਵੱਡੀ ਗਿਣਤੀ ਵਿੱਚ ਜੁੜਦੀ ਸੀ। ਰੂਹਾਨੀਅਤ 'ਚ ਦਿਲਚਸਪੀ ਰੱਖਣ ਵਾਲੇ ਸਾਰਾ ਦਿਨ ਜੁੜੇ ਰਹਿੰਦੇ ਸਨ। ਜਦੋਂ ਇਲਾਕੇ ਵਿੱਚ ਮਿੱਠੇ ਪਾਣੀ ਦੀ ਕਿੱਲਤ ਦੀ ਗਲ ਹੋਈ ਤਾਂ ਗੁਰੂ ਸਾਹਿਬ ਨੇ ਆਪਣੇ ਚਰਨਾਂ ਨਾਲ ਇਸ਼ਾਰਾ ਕਰਕੇ ਹੁਕਮ ਕੀਤਾ ਕਿ ਇਥੋਂ ਥੋੜੀ ਥਾਂ ਪੁਟੋ, ਜਲ ਨੇੜੇ ਹੀ ਹੈ। ਸਾਹਿਬ ਦੇ ਕਹਿਣ ਤੇ ਥੋੜੀ ਜਿਹੀ ਪੱਥਰ ਖੁਦਾਈ ਕਰਨ ਤੇ ਪਾਣੀ ਦਾ ਚਮਸ਼ਾ ਪ੍ਰਗਟ ਹੋ ਗਿਆ। ਜੋ ਅੱਜ 500 ਸਾਲਾਂ ਤੱਕ ਜਾਰੀ ਹੈ।

ਓਥੇ ਦੇ ਪੀਰਾਂ ਨੇ ਗੁਰੂ ਸਾਹਿਬ ਦੇ ਚਰਨਾਂ ਦੇ ਨਿਸ਼ਾਨ ਪੱਥਰ ਤੇ ਖੁਦਵਾ ਲਏ (ਚਰਨ ਪਾਦੁਕਾ) ਜੋ ਅੱਜ ਤੱਕ ਮੌਜੂਦ ਹੈ।

ਪੀਰਾਂ ਦੇ ਪੋਤਰੇ ਪੜਪੋਤਰੇ ਜਦੋਂ ਚਸ਼ਮੇ ਬਾਰੇ ਦਸਦੇ ਤਾਂ ਇਹੋ ਕਹਿੰਦੇ ਕਿ ਸਾਡੇ ਵੱਡੇ ਪੀਰ ਦਾਦਾ ਪੀਰ ਨੇ ਇਹ ਜਾਰੀ ਕੀਤਾ ਹੈ: ਚਸ਼ਮਾ-ਇ-ਦਾਦਪੀਰ। ਪਰ ਇਹਦਾ ਪ੍ਰਚਲਤ ਨਾਂ ਨਾਨਕ ਝੀਰਾ ਹੀ ਰਿਹਾ। ਦੂਰੋ ਦੂਰੋਂ ਲੋਕ ਇਹਦੇ ਦਰਸ਼ਨ ਕਰਨ ਆਉਂਦੇ।

ਕਿਉਂਕਿ ਸਾਹਿਬ ਤਾਂ ਰਹੇ ਮੁਸਲਮਾਨ ਪੀਰਾਂ ਕੋਲ ਸਨ ਤੇ ਇਹ ਚਸ਼ਮਾ ਵੀ ਓਨਾਂ ਦੇ ਹੀ ਕਬਜੇ ਵਿੱਚ ਸੀ। ਫਿਰ 1948 ਵਿੱਚ ਸਿੱਖਾਂ ਨੇ ਮੁਕੱਦਮਾ ਕਰ ਕੇ ਉਹ ਚਸ਼ਮਾ ਹਾਸਲ ਕੀਤਾ ਜਿੱਥੇ ਅੱਜ ਗੁਰਦੁਆਰਾ ਨਾਨਕ ਝੀਰਾ ਮੌਜੂਦ ਹੈ। (ਝੀਰਾ- ਚਸ਼ਮਾ :ਕੰਨੜ ਭਾਸ਼ਾ)

ਬਿਦਰ ਤੋਂ ਗੁਰੂ ਸਾਹਿਬ ਆਉਂਦਾ ਨਾਗਨਾਥ ਜੋਤੀਲਿੰਗ ਤੀਰਥ ਅਸਥਾਨ ਵਲ ਨੂੰ ਰਵਾਨਾ ਹੋ ਗਏ।

----◈----

## ਨੰਦੇੜ (ਹਜੂਰ ਸਾਹਿਬ) ਆ ਸਿੱਖੀ ਦਾ ਬੂਟਾ ਲਾਇਆ

ਬਿਦਰ ਤੋਂ 140 ਕਿ.ਮੀ. ਦਾ ਪੈਂਡਾ ਕਰਕੇ ਸਾਹਿਬ ਨੰਦੇੜ
















1.ਉੱਤੇ ਗੁਰਦਵਾਰਾ ਨਾਨਕਪੁਰ ਸਾਹਿਬ ਨੰਦੇੜ ਜਿਥੇ ਗੁਰੂ ਸਾਹਿਬ ਪੰਜ ਦਿਨ ਜੋਗੀਆਂ ਕੋਲ ਠਹਿਰੇ ਅਤੇ ਉਨਾਂ ਨੂੰ ਨਾਮ ਦੀ ਦਾਤ ਬਖਸ਼ੀ। 2.ਇਥੇ ਗੁਰੂ ਸਾਹਿਬ ਦੀਆਂ ਖੜਾਵਾਂ ਅਤੇ 3.ਮੰਜੀ ਸਾਹਿਬ ਯਾਦਗਾਰ ਦੇ ਤੌਰ ਤੇ ਸੰਭਾਲੀਆਂ ਹੋਈਆ ਹਨ। 4 ਹੇਠਾਂ (ਖੱਬੇ) ਗੁਰਦੁਆਰਾ ਨਾਨਕਸਰ ਸਾਹਿਬ ਜਿਥੇ ਗੁਰੂ ਸਾਹਿਬ ਨੇ ਚਸ਼ਮਾ ਜਾਰੀ ਕੀਤਾ ਅਤੇ ਇਕ ਕੋਹੜੀ ਦਾ ਰੋਗ ਕੱਟਿਆ। 5. ਨੰਦੇੜ ਵਿਖੇ ਹੀ ਜੋਗੀਆ ਦਾ ਇਕ ਹੋਰ ਅਸਥਾਨ ਚੰਦਨ ਸਾਹਿਬ ਹੈ।(ਉੱਤੇ ਸੱਜੇ)) ਇਨਾਂ ਦਾ ਦਾਵਾ ਹੈ ਕਿ ਗੁਰੂ ਸਾਹਿਬ ਇਥੇ ਵੀ ਰੁਕੇ ਸਨ।

**ਹਜੂਰ ਸਾਹਿਬ ਨਾਦੇੜ ਵਿਖੇ ਗੁਰੂ ਨਾਨਕ ਸਾਹਿਬ ਦੇ ਅਸਥਾਨ**

(ਮਹਾਰਾਸ਼ਟਰ) ਪਹੁੰਚੇ। ਨੰਦੇੜ ਓਨੀ ਦਿਨੀ ਮਹੱਤਵਪੂਰਨ ਸਥਾਨ ਸੀ ਤੇ ਬਾਹਮਣੀ ਸਲਤਨਤ ਦੇ ਚਾਰ ਸੂਬਿਆਂ ਵਿਚੋਂ ਇੱਕ ਸੀ।

ਅੱਜ ਤੋਂ 700 ਸਾਲ ਪਹਿਲਾਂ ਲਿਖੇ ਗਏ ਇੱਕ ਗ੍ਰੰਥ ਲੀਲਾ ਚ੍ਰਿਤਰ ਵਿੱਚ ਜਿਕਰ ਹੈ ਕਿ ਨੰਦੇੜ ਦਾ ਨਰਸਿੰਹ ਮੰਦਰ ਬਹੁਤ ਮਸ਼ਹੂਰ ਸੀ। ਹੋ ਸਕਦੈ ਬਾਦ ਵਿੱਚ ਮੁਸਲਮਾਨ ਬਾਦਸ਼ਾਹਾਂ ਨੇ ਉਹ ਮੰਦਰ ਤਹਿਸ ਨਹਿਸ ਕਰ ਦਿੱਤਾ ਹੋਵੇ।

ਨੰਦੇੜ ਜਿਸ ਨੂੰ ਸਿੱਖ ਹਜੂਰ ਸਾਹਿਬ ਅਬਿਚਲ ਨਗਰ ਕਹਿੰਦੇ ਹਨ ਪਹੁੰਚ ਕੇ ਗੁਰੂ ਸਾਹਿਬ ਦੱਖਣ ਵਿੱਚ ਭਾਵ ਗੋਦਾਵਰੀ ਤੋਂ ਉਰੇ ਹੀ ਰੁਕ ਗਏ। ਜਿਵੇ ਓਨੀ ਦਿਨੀ ਹੁੰਦਾ ਸੀ ਅਖੌਤੀ ਅਛੂਤ ਲੋਕਾਂ ਦੀ ਬਸਤੀ ਸੀ। ਜਦੋਂ ਫਿਰ ਸ਼ਾਮੀ ਮਰਦਾਨੇ ਦੀ ਰਬਾਬ ਨੇ ਰੰਗ ਬੰਨਿਆ ਤਾਂ ਸਭ ਮਾਈ ਭਾਈ ਗੁਰੂ ਸਾਹਿਬ ਵਲ ਦੌੜਾ ਆਇਆ। ਰੋਗੀਆਂ ਦੇ ਰੋਗ ਦੂਰ ਹੋਣ ਲੱਗੇ, ਦੁਖੀਆਂ ਦੇ ਦੁੱਖ। ਕਿਹਾ ਜਾਂਦਾ ਹੈ ਕਿ ਇਥੇ ਵੀ ਇੱਕ ਕੋਹੜੀ ਦੇ ਸਿਰ ਤੇ ਜਦੋਂ ਬਾਬੇ ਦਾ ਮਿਹਰਾਂਵਾਲਾ ਹੱਥ ਪਿਆ ਤਾਂ ਉਸ ਦੀ ਕਾਇਆਕਲਪ ਹੋ ਗਈ। ਦੁਹਾਈ ਪੈ ਗਈ ਕਿ ਵੇਖੋ ਬਾਬਾ ਨਾਨਕ ਕੋਹੜੀ ਤੋਂ ਵੀ ਨਹੀ ਸੰਗਦਾ। ਕੋਹੜ ਦੂਰ ਹੋ ਗਿਆ। ਲੋਕੀ ਪਾਣੀ ਲੈਣ 3-4 ਕਿਲੋਮੀਟਰ ਹਟਵੀ ਗੋਦਾਵਰੀ ਤੇ ਜਾਂਦੇ ਸਨ ਗੁਰੂ ਸਾਹਿਬ ਨੇ ਇਥੇ ਵੀ ਚਸ਼ਮਾ ਜਾਰੀ ਕਰ ਦਿੱਤਾ। ਦੂਰ ਦੂਰ ਤੱਕ ਗੁਰੂ ਨਾਨਕ ਦੀ ਆਮਦ ਦੀ ਦੁਹਾਈ ਪੈ ਗਈ। ਲੋਕ ਹੁਮ ਹੁਮਾ ਕੇ ਪਹੁੰਚ ਰਹੇ ਸਨ। ਗੁਰੂ ਸਾਹਿਬ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਅਜਾਦ ਕਰਕੇ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ। ਚਸ਼ਮੇ ਵਾਲੀ ਥਾਂ ਤੇ ਅੱਜ ਸਰੋਵਰ ਮੌਜੂਦ ਹੈ ਤੇ ਕਿਹਾ ਜਾਂਦਾ ਹੈ ਕਿ ਜੋ ਸ਼ਰਧਾ ਭਾਵਨਾ ਨਾਲ ਇਥੇ ਇਸ਼ਨਾਨ ਕਰਦਾ ਹੈ ਉਹਦੇ ਦੁੱਖ ਦਲਿਦ੍ਰ ਕੱਟੇ ਜਾਂਦੇ ਹਨ।

ਜਿਥੇ ਗੁਰੂ ਸਾਹਿਬ ਆ ਕੇ ਉਤਰੇ ਓਥੇ ਅੱਜ ਗੁਰਦੁਆਰਾ ਨਾਨਕਪੁਰੀ ਸਾਹਿਬ ਮੌਜੂਦ ਹੈ ਜਿੱਥੇ ਗੁਰੂ ਸਾਹਿਬ ਦੀਆਂ ਖੜਾਵਾਂ ਵੀ ਸੁਸ਼ੋਭਿਤ ਹਨ। ਇਹ ਅਸਥਾਨ ਸੱਚਖੰਡ ਸ੍ਰੀ ਹਜੂਰ ਸਾਹਿਬ ਗੁਰਦੁਆਰਾ ਤੋਂ 8 ਕਿ.ਮੀ. ਦੱਖਣ ਨੂੰ ਗੁਰਦੁਆਰਾ ਰਤਨਗੜ ਸਹਿਬ ਵਾਲੀ ਸੜਕ ਤੇ ਹੈ।

ਨਾਲ ਹੀ 200 ਗਜ ਹਟਵਾ ਚੜ੍ਹਦੇ ਪਾਸੇ ਸ਼ਾਨਦਾਰ ਇਮਾਰਤ ਵਾਲਾ ਗੁਰਦੁਆਰਾ ਨਾਨਕਸਰ ਮੌਜੂਦ ਹੈ। ਮੂਲ ਵਿੱਚ ਇਹਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਅੱਜ ਕਲ ਨਵੀ ਇਮਾਰਤ ਬਣ ਗਈ ਹੈ।

ਨਾਨਕਪੁਰੀ ਗੁਰਦੁਆਰਾ ਸਾਹਿਬ ਦੇ ਨਾਲ ਗੁਰਦੁਆਰਾ ਸ੍ਰੀ ਚੰਦਨ ਸਾਹਿਬ ਹੈ ਜਿੱਥੇ ਗੁਰੂ ਸਾਹਿਬ ਦੀ ਸਿੱਧ ਜੋਗੀਆਂ ਨਾਲ ਗਲ ਬਾਤ ਹੋਈ।

ਇਹੋ ਜਿਹੇ ਕੌਤਕ ਕਰਦਾ ਹੋਇਆ ਇਹ ਇਲਾਹੀ ਨੂਰ ਫਿਰ ਕੁਝ ਦਿਨਾਂ ਬਾਦ ਹਿੰਦੂਆਂ ਦੇ 8ਵੇਂ ਜੋਤੀਲਿੰਗ ਨਾਗੇਸ਼ਵਰ ਨੂੰ ਰਵਾਨਾ ਹੋ ਗਿਆ।

**ਪੈੜ ਸੂਹ** ਸਾਈਕਲ ਯਾਤਰੀ- 106 ਅਨੁਸਾਰ ਵੀ ਨੰਦੇੜ ਵਿਖੇ ਗੁਰੂ ਸਾਹਿਬ ਦੋ ਅਸਥਾਨ ਹਨ: ਬਿਸ਼ਨਪੁਰੀ ਤੇ ਨਾਨਕਪੁਰੀ। ਇਥੇ ਯਾਦਗਾਰਾਂ ਬਕਾਇਦਾ 1930 ਵਿੱਚ ਮੌਜੂਦ ਸਨ।

----◆----

## ਜਦੋਂ ਬਾਬੇ ਨੇ ਇੱਕ ਗਰੀਬ ਤਰਖਾਣ ਦੀ ਝੁੱਗੀ ਢਾਹ ਦਿੱਤੀ।

ਅਗੇ ਜਦੋਂ ਚਲਦੇ ਜਾ ਰਹੇ ਸਨ ਤਾਂ ਸ਼ਾਮ ਹੋਣੀ ਸ਼ੁਰੂ ਹੋਈ ਤਾਂ ਪੰਧੇਰੂਆਂ ਤੋਂ ਪਤਾ ਲੱਗਾ ਕਿ ਨੇੜੇ ਹੀ ਇੱਕ ਵੱਡਾ ਪਿੰਡ ਹੈ। ਪਿੰਡ ਵਿੱਚ ਪਤਾ ਕੀਤਾ ਤਾਂ ਮੰਦਰ ਵਿੱਚ ਕਿਤੇ ਜਗਾ ਨਾਂ ਮਿਲੀ ਰਾਤ ਕੱਟਣ ਲਈ। ਪਤਾ ਕਰਦੇ ਕਰਦੇ ਇੱਕ ਤਰਖਾਣ ਮਿਲਿਆ ਉਸ ਦੇ ਘਰ ਦੇ ਬਾਹਰ ਇੱਕ ਖਾਲੀ ਝੁੱਗੀ ਸੀ ਜਿੱਥੇ ਉਸਨੇ ਗੁਰੂ ਸਾਹਿਬ ਨੂੰ ਮੰਜੀ ਡਾਹ ਦਿੱਤੀ ਅਰਾਮ ਕਰਨ ਲਈ। ਆਪਣੀ ਔਕਾਤ ਮੁਤਾਬਿਕ ਉਸ ਨੇ ਗੁਰੂ ਸਾਹਿਬ ਨੂੰ ਲੰਗਰ ਪਾਣੀ ਵੀ ਛਕਾਇਆ ਤੇ ਆਦਰ ਸਤਿਕਾਰ ਦਿੱਤਾ।

ਸਵੇਰੇ ਸਵੱਖਤੇ ਰਵਾਨਾ ਹੋਣ ਵੇਲੇ ਗੁਰੂ ਸਾਹਿਬ ਨੇ ਝੁੱਗੀ ਦੀ ਕੰਧ ਨੂੰ ਅਜਿਹਾ ਹਿਲਾਇਆ ਕਿ ਸਾਰੀ ਝੁੱਗੀ ਜਮੀਨ ਤੇ ਸੀ। ਪਰ ਤਰਖਾਣ ਪੁੱਛਣ ਨਾ ਆਇਆ। ਲੱਗਦਾ ਪਰਵਾਰ ਸੁੱਤਾ ਹੀ ਰਹਿ ਗਿਆ।

ਰਸਤੇ 'ਚ ਆ ਕੇ ਮਰਦਾਨੇ ਨੇ ਪੁੱਛਿਆ ਕਿ ਸਾਹਿਬ ਤੁਹਾਡਾ ਇਹ ਕੌਤਕ ਮੈਨੂੰ ਸਮਝ ਨਹੀ ਆਇਆ। ਇੱਕ ਤਾਂ ਉਸ ਗਰੀਬ ਨੇ ਸਾਨੂੰ ਰਾਤੀ ਆਸਰਾ ਦਿੱਤਾ ਤੇ ਤੁਸਾਂ ਉਨੂੰ ਚੰਗਾ ਇਨਾਮ ਦੇ ਦਿੱਤਾ ਹੈ। ਗਰੀਬ ਦੀ ਝੁੱਗੀ ਹੀ ਢਾਹ ਦਿੱਤੀ ਹੈ।

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਉਸ ਭੋਲੇ ਤਰਖਾਣ ਨੂੰ ਪਤਾ ਨਹੀ ਕਿ ਉਹ ਤਾਂ ਖਜਾਨੇ ਦੇ ਉਤੇ ਬੈਠਾ ਹੈ। ਉਹਦੀ ਮੰਜੀ ਦੇ ਪਾਵੇ ਜਮੀਨ ਵਿੱਚ ਧੱਸ ਗਏ ਨੇ। ਜਦੋਂ ਪੁਟੇਗਾ ਤਾਂ ਖਜਾਨਾ ਪ੍ਰਗਟ ਹੋ ਜਾਵੇਗਾ।

ਮਰਦਾਨਾ ਰੁੱਕ ਕੇ ਗੁਰੂ ਸਾਹਿਬ ਦੇ ਆ ਚਰਨੀ ਲੱਗਾ ਕਿ ਬਾਬਾ ਤੇਰੀਆਂ ਤੂੰ ਹੀ ਜਾਣੇ।

----◆----

## ਔਂਢਾ ਨਾਗਨਾਥ ਜੋਤੀਲਿੰਗ ਪਹੁੰਚ ਗਏ ਬਾਬਾ ਨਾਨਕ

ਹਿੰਦੂਆਂ ਦਾ 8ਵਾਂ ਜਯੋਤ੍ਰਿਲਿੰਗ ਨਾਗੇਸ਼ਵਰ ਜਾਂ ਔਂਢਾ ਨਾਗਨਾਥ ਨੰਦੇੜ ਦੇ ਉਤਰ ਪਾਸੇ ਕੋਈ 60 ਕਿ. ਮੀ. ਹੈ। ਪੰਡੇ ਦਾਵਾ ਕਰਦੇ ਹਨ ਕਿ ਇਨੂੰ ਪਾਂਡਵਾ ਨੇ ਪ੍ਰਗਟ ਕੀਤਾ ਸੀ। ਮੂਲ ਇਮਾਰਤ 13 ਵੀ ਸਦੀ ਦੀ ਹੈ ਤੇ ਬਹੁਤ ਹੀ ਸੋਹਣੀਆਂ ਮੂਰਤੀਆਂ ਨਾਲ ਸ਼ਿਗਾਰੀ ਹੋਈ ਹੈ। ਕਿਹਾ ਜਾਂਦਾ ਹੈ ਕਿ ਇਸ ਮੰਦਰ ਨੂੰ ਔਰੰਗਜੇਬ ਨੇ ਢਾਹੁੰਣਾ ਚਾਹਿਆਂ ਸੀ ਜਦੋਂ ਉਹ ਬੁਰਹਾਨਪੁਰ ਦਾ ਗਵਰਨਰ ਹੁੰਦਾ ਸੀ। ਪਰ ਉਤੇ ਦੀਆਂ 5 ਮੰਜਲਾਂ ਹੀ ਥੱਲੇ ਸੁੱਟ ਪਾਇਆ। ਸ਼ਹਿਦ ਦੀਆਂ ਮੱਖੀਆਂ ਦੇ ਮਖੀਰ ਲੱਗੇ ਹੋਏ ਸਨ ਜਿਸ ਕਾਰਨ ਮਜਦੂਰ ਕੰਮ ਛੱਡਣ ਲਈ ਮਜਬੂਰ ਹੋ ਗਏ ਸਨ।

ਮਾਲਵੇ ਦੀ ਅਹਿਲਿਆ ਬਾਈ ਹੋਲਕਰ (1725-1795ਈ) ਨੇ ਫਿਰ ਮੰਦਰ ਦੀ ਮੁਰੰਮਤ ਕਰਵਾਈ। ਗ੍ਰੇਫਾਈਟ ਪੱਥਰ (ਕਿਉਕਿ ਇਹ ਸੱਖਤ ਹੁੰਦਾ ਹੈ) ਦਾ ਇਸ ਮੰਦਰ ਦੀ ਮੂਰਤੀਆਂ ਇਉ ਨੇ ਜਿਵੇ ਹੁਣੇ ਹੀ ਤਰਾਸ਼ੀਆਂ ਹੁੰਦੀਆਂ ਨੇ।

ਮੰਦਰ ਦੀ ਕੁਰਸੀ ਉੱਚੀ ਰੱਖੀ ਹੈ ਤੇ ਗ੍ਰਭ ਗ੍ਰਿਹ ਜਾਣ ਲਈ ਫਿਰ ਨੀਵਾਂ ਉਤਰਨਾਂ ਪੈਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੰਡੇ ਜਾਣ ਬੁਝ ਕੇ ਓਥੇ ਸੱਪ ਪਾਲਿਆ ਕਰਦੇ ਸਨ। ਇਥੋਂ ਦਾ ਮੁਖ ਮੇਲਾ ਵੀ ਸਿਵਰਾਤਰੀ ਤੇ ਲੱਗਦਾ ਹੈ। ਉਂਜ ਦੁਸਿਹਰਾ ਵੀ ਮਸ਼ਹੂਰ ਹੈ।

ਇਥੋ 30 ਕਿ.ਮੀ ਤੇ ਪਿੰਡ ਨਰਸੀ ਬਾਮਣੀ (ਅਜ ਕਲ ਨਾਂ ਨਰਸੀ ਨਾਮਦੇਵ) ਹੈ ਜਿੱਥੇ ਭਗਤ ਨਾਮਦੇਵ ਦਾ ਜਨਮ ਹੋਇਆ ਸੀ। ਇਸੇ ਹੀ ਮੰਦਰ ਦੇ ਸਾਹਮਣੇ ਬਹਿ ਭਗਤ ਜੀ ਭਜਨ ਬੰਦਗੀ ਕਰ ਰਹੇ ਸਨ। ਪਾਂਡਿਆਂ ਨੇ ਉਨਾਂ ਨੂੰ ਛੋਟੀ ਜਾਤ ਦਾ ਹੋਣ ਕਰਕੇ ਓਥੋਂ ਭਜਾ ਦਿੱਤਾ। ਭਗਤ ਮੰਦਰ ਦੇ ਪਿੱਛਵਾੜੇ ਜਾ ਬੈਠੇ।



ਨਾਗੇਸ਼ਵਰ ਜਾਂ ਔਢਾ ਨਾਗਨਾਥ

ਕੌਤਕ ਕੁਝ ਅਜਿਹਾ ਹੋਇਆ ਕਿ ਮੰਦਰ ਦਾ ਮੂੰਹ ਭਗਤ ਜੀ ਵਲ ਫਿਰ ਗਿਆ। ਜਿਸ ਤੇ ਪੰਡਿਆਂ ਦਾ ਸਿਰ ਚਕ੍ਰਾ ਗਇਆ ਤੇ ਅਖੀਰ ਭਗਤ ਜੀ ਤੋਂ ਮਾਫੀ ਮੰਗੀ। ਏਸੇ ਕਾਰਨ ਹੀ ਭਗਤ ਜੀ ਨੇ ਆਪਣੀ ਬਾਣੀ ਵਿੱਚ ਇਹ ਸ਼ਬਦ ਉਚਾਰਿਆ ਸੀ:-

ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥ ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥ ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥ ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥੨॥ ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥

ਗੁਰੂ ਸਾਹਿਬ ਦੀ ਫੇਰੀ ਵੇਲੇ ਅਜੇ ਇਹ ਮੰਦਰ ਆਪਣੇ ਪੂਰੇ ਜੋਬਨ ਤੇ ਸੀ ਭਾਵ ਸਾਬਤ ਸੀ ਤੇ ਇਹਦੀ ਖ਼ੂਬਸੂਰਤੀ ਦੀ ਧੁੰਮ ਦੂਰ ਦੂਰ ਤੱਕ ਸੀ। ਪੁਜਾਰੀ ਇਸ ਤੇ ਗਰਬ ਕਰਿਆ ਕਰਦੇ ਸਨ। ਗੁਰੂ ਸਾਹਿਬ ਨੇ ਉਨਾਂ ਨੂੰ ਚਾਨਣਾ ਕਰਾਇਆ ਕਿ ਜਰੂਰੀ ਨਹੀ ਕਿ ਮੰਦਰ ਸੋਹਣਾ ਬਣ ਗਇਆ ਤੇ ਇਥੇ ਭਗਵਾਨ ਦਾ ਵਾਸਾ ਹੋ ਜਾਵੇਗਾ। ਭਗਵਾਨ ਤਾਂ ਤੁਹਾਡੀ ਭਾਵਨਾ ਵਿੱਚ ਹੈ। ਪੰਡਿਆਂ ਨੂੰ ਯਾਦ ਦਿਵਾਇਆ ਕਿ ਵੇਖੋ ਤੁਸਾਂ ਤਾਂ ਇੱਕ ਮੌਕੇ ਜਦੋਂ ਭਗਤ ਨਾਮਦੇਵ ਇਥੇ ਭਗਤੀ ਕਰ ਰਿਹਾ ਸੀ ਉਨੂੰ ਮੰਦਰ ਤੋਂ ਦੂਰ ਰਹਿਣ ਲਈ ਕਹਿ ਦਿੱਤਾ ਸੀ। ਗੁਰੂ ਸਾਹਿਬ ਨੇ ਸਮਝਾਇਆ ਕਿ ਕਿਸੇ ਵੀ ਸੋਹਣੀ ਕ੍ਰਿਤ ਦੀ ਤਾਰੀਫ ਕਰਨੀ ਬਣਦੀ ਹੈ ਪਰ ਇਹ ਨਹੀ ਕਿਹਾ ਜਾਂਦਾ ਕਿ ਭਗਵਾਨ ਦਾ ਓਥੇ ਵਾਸਾ ਹੋ ਗਿਆ।

ਗੁਰੂ ਸਾਹਿਬ ਨੇ ਪੰਡਿਆਂ ਨੂੰ 'ਧਰਤੀ ਧਰਮਸਾਲ' ਦੇ ਸਿਧਾਂਤ ਦਾ ਗਿਆਨ ਕਰਵਾਇਆ ਤੇ ਓਨਾਂ ਨੂੰ ਦੱਸਿਆ ਕਿ ਨਾਮ ਹੀ ਕੇਵਲ ਤੇ ਕੇਵਲ ਮਾਰਗ ਹੈ ਅਕਾਲ ਪੁਰਖ ਦੀ ਪ੍ਰਾਪਤੀ ਦਾ ਅਤੇ ਕਰਮ ਕਾਂਡ ਵਿਅੱਰਥ ਹਨ।

ਪੁਜਾਰੀਆਂ, ਸਾਧੂਆਂ ਅਤੇ ਲੋਕਾਈ ਨੂੰ ਨਾਮ ਨਾਲ ਜੋੜ ਕੇ ਦੋ ਚਾਰ ਦਿਨਾਂ ਬਾਦ ਗੁਰੂ ਸਾਹਿਬ ਅੱਗੇ ਨਰਸੀ ਨਾਮਦੇਵ ਨੂੰ ਚਲਦੇ ਬਣੇ।

### ਭਗਤ ਨਾਮਦੇਵ ਦੇ ਜਨਮ ਅਸਥਾਨ ਨਰਸੀ ਬਾਮਣੀ ਵਿਖੇ

ਔਢਾ ਨਾਗਨਾਥ ਤੋਂ ਨਰਸੀ ਬਾਮਣੀ (ਅਜ ਕਲ ਨਾਂ ਨਰਸੀ ਨਾਮਦੇਵ ਜਿਲਾ ਹਿੰਗੋਲੀ) ਪੈਦਲ ਕੋਈ 32 ਕੁ ਕਿ.ਮੀ ਹੈ, ਓਥੇ ਗੁਰੂ ਸਾਹਿਬ ਪਧਾਰੇ ਤੇ ਭਗਤ ਨਾਮਦੇਵ ਦੇ ਉਪਾਸ਼ਕਾਂ ਨੂੰ ਸੁਚੇਤ ਕੀਤਾ ਕਿ ਕਿਵੇ ਉਹ ਭਗਤ ਜੀ ਦੇ ਦੱਸੇ ਮਾਰਗ ਤੋਂ ਭਟਕ ਕੇ ਫਿਰ ਕਰਮ ਕਾਂਡਾਂ ਤੇ ਮੂਰਤੀ ਪੂਜਾ ਵਿੱਚ ਪੈ ਚੁੱਕੇ ਹਨ। ਸ਼ਰਧਾਲੂਆਂ ਨੂੰ ਫਿਰ ਸਿਫਤ ਸਲਾਹ ਨਾਮ ਨਾਲ ਜੋੜ ਕੇ ਗੁਰੂ ਸਾਹਿਬ ਅੱਗੇ ਨੂੰ ਰਵਾਨਾ ਹੋ ਗਏ।

----◈----

### ਗੁਰੂ ਸਾਹਿਬ ਦੀ ਅਗਲੀ ਮੰਜ਼ਿਲ ਰਾਮਟੇਕ

**ਲੋਨਰ ਝੀਲ** - ਨਰਸੀ ਨਾਮਦੇਵ ਤੋਂ ਉਤਰ ਦਿਸ਼ਾ ਦਾ ਮਹਾਰਾਸ਼ਟਰ ਦਾ ਲਗਪਗ ਸਾਰਾ ਇਲਾਕਾ ਗੁਰੂ ਸਾਹਿਬ ਨੇ ਗਾਹਿਆ। ਰਾਮਟੇਕ (ਨਾਗਪੁਰ) ਅਕੋਲਾ, ਅਮਰਾਵਤੀ, ਬੁਲਢਾਣਾ ਆਦਿ। ਕਿਥੋਂ ਕਿਥੇ ਗਏ ਇਸ ਗਲ ਦੇ ਅੱਜ ਅਸੀ ਅੰਦਾਜ਼ੇ ਹੀ ਲਾ ਸਕਦੇ ਹਾਂ।

ਸੋ ਨਰਸੀ ਤੋਂ 70 ਕਿ.ਮੀ. ਚਲ ਕੇ ਗੁਰੂ ਸਾਹਿਬ ਨੇ ਰਸਤੇ ਵਿੱਚ ਲੋਨਰ ਝੀਲ (ਜਿਲਾ ਬੁਲਢਾਣਾ) ਦੇ ਮੰਦਰ ਵੇਖੇ। ਪੁਰਾਣਾਂ ਵਿੱਚ ਇਸ ਥਾਂ ਦਾ ਜਿਕਰ ਹੈ ਕਿ ਵਿਸ਼ਨੂ ਭਗਵਾਨ ਨੇ ਲੋਨਾਸੁਰ ਰਾਖਸ਼ ਨੂੰ ਮਾਰਿਆ ਸੀ ਜਿਸ ਨੇ ਇਲਾਕੇ ਵਿੱਚ ਅੱਤ ਚੁੱਕੀ ਹੋਈ ਸੀ। ਅਖੇ ਵਿਸ਼ਨੂੰ ਨੇ ਇੱਕ ਸੋਹਣੇ ਮੁੰਡੇ ਦਾ ਰੂਪ ਧਾਰ ਲਿਆ ਤੇ ਲੋਨਾਸੁਰ ਦੀਆਂ ਭੈਣਾਂ ਨਾਲ ਪ੍ਰੇਮ ਦੀ ਪੀਂਘ ਪਾ ਲਈ ਤੇ ਓਨਾਂ ਕੋਲੋ ਲੋਨਾਸੁਰ ਦਾ ਭੇਦ ਲੈ ਕੇ ਉਹਦਾ ਕੰਮ ਤਮਾਮ ਕਰ ਦਿੱਤਾ। ਇਥੇ 12 ਵੀ ਸਦੀ ਦਾ ਦੈਤਸੂਦਨ ਮੰਦਰ ਤੇ ਹੋਰ ਵੀ 7 ਮੰਦਰ ਮੌਜੂਦ ਹਨ।

ਲੋਨਰ ਝੀਲ ਦਰ ਅਸਲ ਇੱਕ ਡੂੰਘ (ਕਰੇਟਰ) ਹੈ ਜੋ ਕਿ ਅਸਮਾਨ ਤੋਂ ਟੁੱਟੇ ਤਾਰੇ ਦੇ ਡਿੱਗਣ ਨਾਲ ਬਣੀ ਹੈ। ਸਇੰਸਦਾਨਾਂ ਦਾ ਅੰਦਾਜ਼ਾ ਹੈ ਕਿ 60,000 ਸਾਲ ਪਹਿਲਾਂ ਇਥੇ ਤਾਰਾ (Meteor) ਡਿਗਾ। ਜਿਸ ਕਾਰਨ ਗੂੜੇ ਹਰੇ ਰੰਗ ਦੇ ਬਸਾਲਟ ਪੱਥਰਾਂ ਵਿੱਚ 1200 ਮੀਟਰ ਵਿਆਸ ਦਾ ਕਰੇਟਰ ਬਣ ਗਿਆ। ਇਸ ਝੀਲ ਦੇ ਪਾਣੀ ਦੀਆਂ ਵੱਖਰੀਆਂ ਹੀ ਸਿਫਤਾਂ ਹਨ। ਪਾਣੀ ਬਹੁਤ ਖਾਰਾ (ਅਲਕੇਲਾਈਨ) ਹੈ। ਇਥੋਂ ਕਈ ਖਣਿਜ ਪਦਾਰਥ

ਪੈੜ ਸਫਾ

ਔਢਾ ਨਾਗਨਾਥ-

https://www.myoksha.com/aundha-nagnath-temple/

ਕੋਹਲੀ ਨੇ ਅੱਗੇ ਗੁਰੂ ਸਾਹਿਬ ਦਾ ਬਸਮਤ ਜਾਣਾ ਲਿਖਿਆ ਹੈ ਜੋ ਸੁਭਾਵਕ ਹੈ ਕਿਉਕਿ ਨੰਦੇੜ ਤੋਂ ਔਢਾ ਨਾਗਨਾਥ ਦੇ ਰਾਹ ਵਿੱਚ ਪੈਂਦਾ ਹੈ। ਪਰ ਬਸਮਤ ਤਾਂ ਓਦੋਂ ਅਜੇ ਕੋਈ ਮਾਮੂਲੀ ਪਿੰਡ ਹੋਵੇਗਾ।

ਨਿਕਲਦੇ ਆਏ ਹਨ। ਅਕਬਰ ਦੇ ਵੇਲੇ ਵੀ ਸਰਕਾਰੀ ਖਜਾਨੇ ਵਿੱਚ ਇਥੋਂ ਟੈਕਸ ਆਉਦਾ ਰਿਹਾ ਹੈ। ਚਲੂਕਿਆਂ ਖਾਨਦਾਨ (6-12ਵੀ ਸਦੀ) ਦੇ ਰਾਜਿਆਂ ਨੇ ਫਿਰ ਇਥੇ ਮੰਦਰ ਬਣਵਾ ਦਿੱਤੇ।

ਇਥੋਂ ਦੇ ਮੰਦਰ ਦੇ ਪੁਜਾਰੀਆਂ ਨੂੰ ਵੀ ਨਾਮ ਦੀ ਮਹਿਮਾ ਦੱਸੀ।

ਅੰਮ੍ਰਿਤ ਵੇਲੇ ਜਦੋਂ ਗੁਰੂ ਸਾਹਿਬ ਤੇ ਮਰਦਾਨੇ ਨੇ ਝੀਲ ਵਿੱਚ ਇਸ਼ਨਾਨ ਕੀਤਾ ਤਾਂ ਸਾਧੂਆਂ ਦੀ ਨੀਂਦ ਖੁਲ ਗਈ। ਦਿਨੇ ਫਿਰ ਸਾਧੂ ਗੁਰੂ ਸਾਹਿਬ ਦੇ ਦੁਆਲੇ ਹੋ ਗਏ ਕਿ ਇੱਕ ਪਾਸੇ ਤੁਸੀ ਕਹਿੰਦੇ ਹੋ ਕਿ ਕਰਮ ਕਾਂਡ ਨਾਂ ਕਰੋ ਤੇ ਦੂਸਰੇ ਪਾਸੇ ਨਹਾਉਣ ਤੇ ਬੜਾ ਜੋਰ ਦਿੰਦੇ ਹੋ?

ਗੁਰੂ ਸਾਹਿਬ ਨੇ ਕਿਹਾ ਕਿ ਤੁਸੀ ਮੰਦਰ ਨੂੰ ਸਜਾਉਦੇ ਹੋ। ਮੈਂ ਕਹਿਨਾਂ ਇਹ ਸਰੀਰ ਹੀ ਮੰਦਰ ਹੈ ਜਿਸ ਨੂੰ ਨਹਾਉਣਾ ਧੋਣਾ ਸਾਫ ਰੱਖਣਾ ਜਰੂਰੀ ਹੈ। ਸਾਫ ਮੰਦਰ ਵਿੱਚ ਫਿਰ ਸਾਫ ਬੁੱਧ ਜਨਮ ਲਵੇਗੀ ਜਿਸ ਕਰਕੇ ਆਪਾਂ ਅਕਾਲਪੁਰਖ ਨਿਰੰਕਾਰ ਦੇ ਗੁਣ ਗਾ ਪਾਵਾਂਗੇ। ਜੇ ਮੰਦਰ ਹੀ ਰੋਗਾਂ ਨਾਲ ਗ੍ਰਸਿਆ ਗਇਆ ਤਾਂ ਸਾਡੀ ਸੁਰਤ ਕਿਥੇ ਬੱਝੇਗੀ। ਸਾਹਿਬ ਨੇ ਸ਼ਬਦ ਉਚਾਰਿਆ:

ਸਿਰੀਰਾਗੁ ਮਹਲਾ ੧ ॥ ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ॥ ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥੧॥ ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥ ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥ ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥ ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥ ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥ ਆਸ ਅੰਦੇਸਾ



ਲੋਨਾਸੁਰ ਝੀਲ

ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥ ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥ ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥ ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥੫॥ ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ॥ ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥ ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥ ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥ ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥ ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ ॥ ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥ ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥

----◈----

## ਰਸਤੇ 'ਚ ਸਤਗਾਓ ਭੁਸਾਰੀ (ਜਿਲਾ ਬੁਲਢਾਣਾ) ਦੇ ਮੰਦਰ ਵੇਖੇ

ਲੋਨਰ ਝੀਲ ਦੇ ਮੰਦਰ ਵੇਖ ਗੁਰੂ ਸਾਹਿਬ ਅੱਗੇ 70 ਕਿ.ਮੀ. ਪੰਧ ਤਹਿ ਕਰਕੇ ਸਤਗਾਓ ਪਹੁੰਚੇ। ਓਨੀ ਦਿਨੀ ਸਤਗਾਓ ਵਿਖੇ ਚਾਰ ਪੰਜ ਬਹੁਤ ਹੀ ਖੂਬਸੂਰਤ ਮੰਦਰ ਸਨ ਜਿਹੜੇ ਕਿ 13 ਤੇ 14ਵੀ ਸ਼ਤਾਬਦੀ ਬਣੇ ਹੋਏ ਹਨ। ਇਨਾਂ ਵਿਚੋਂ ਇੱਕ ਜੈਨ ਮੰਦਰ ਹੈ। ਇਥੋਂ ਦੀ ਕੀ ਕਹਾਣੀ ਸੀ, ਕਿਓ ਇਹ ਸ਼ਹਿਰ ਬਾਦ ਵਿੱਚ ਬੇਅਬਾਦ ਹੋ ਗਇਆ ਕਿਸੇ ਨੂੰ ਕੁਝ ਪਤਾ ਨਹੀ ਪਰ ਗੁਰੂ ਸਾਹਿਬ ਦੀ ਫੇਰੀ ਮੌਕੇ ਇਥੇ ਖੂਬ ਰੌਣਕਾਂ ਸਨ। ਇਹ ਮੰਦਰ ਵੀ ਚਲੂਕਿਆਂ ਖਾਨਦਾਨ ਦੇ ਰਾਜਿਆਂ ਨੇ ਹੀ ਤਾਮੀਰ ਕਰਵਾਏ।

----◈----

**ਅਕੋਲਾ** - ਸਤਗਾਓ ਤੋਂ ਬੁਲਢਾਣਾ (25 ਕਿ.ਮੀ) , ਖਾਮਗਾਓ (43 ਕਿ.ਮੀ), ਬਾਲਾਪੁਰ (27 ਕਿ.ਮੀ) ਹੁੰਦੇ ਹੋਏ ਸਾਹਿਬ ਅਕੋਲਾ (25 ਕਿ.ਮੀ) ਪਹੁੰਚੇ। ਅਕੋਲਾ ਵਿਖੇ ਰਾਜ ਰਾਜੇਸ਼ਵਰ ਮੰਦਰ ਪਹੁੰਚ ਜਦੋਂ ਪੁਜਾਰੀਆਂ ਨੂੰ ਨਾਮ ਦੀ ਮਹਿਮਾ ਤੋਂ ਜਾਣੂ ਕਰਵਾਉਣਾ ਚਾਹਿਆ ਤਾਂ ਉਨਾਂ ਹੰਕਾਰ ਵਿੱਚ ਆ ਕੇ ਕਿਹਾ ਕਿ ਤੁਸੀ ਸਾਨੂੰ ਕੀ ਦੱਸੋਗੇ ਜਿੱਥੇ ਤੁਸੀ ਖੜੇ ਹੋ ਇਹ ਪਵਿਤ੍ਰ ਅਸਥਾਨ ਤਾਂ ਮਹਾਂਭਾਰਤ ਦੇ ਕਾਲ ਤੋਂ ਚਲਿਆ ਆ ਰਿਹਾ ਹੈ। ਆਪ ਸ਼ਿਵ ਜੀ ਭਗਵਾਨ ਇਥੇ ਆਏ ਸਨ। ਗੁਰੂ ਸਾਹਿਬ ਨੇ ਪੰਡਤਾਂ ਨੂੰ ਸਮਝਾਇਆਂ ਕਿ ਭਾਈ ਮਿਥਹਾਸ ਤੋਂ ਉਪਰ ਉਠੋ। ਉਸ ਭਗਵਾਨ ਨੂੰ ਮੰਨੋ ਜਿਹੜਾ ਚਿਰੰਜੀਵ ਹੈ ਸਦਾ ਹੀ ਜੀਵਤ ਹੈ ਜੋ ਮਰਦਾ ਨਹੀ ਜਨਮਦਾ ਨਹੀ। ਜਿਹੜਾ ਜਾਤਾਂ ਧਰਮਾਂ ਜੋਨੀਆਂ ਦੇ ਬੰਧਨ ਤੋਂ ਉਤੇ ਹੈ। ਉਹਦੀ ਜਗਦੀ ਜੋਤ ਤੁਸੀ ਘਟ ਘਟ ਵਿੱਚ ਵੇਖੋ। ਅਕੋਲਾ ਅਕੋਲਾ ਨਾਂ ਕਰੋ। ਅਕੁਲ ਕਹੋ। ਉਸ ਨਿਰੰਕਾਰ ਦੀ ਸ਼ਰਨੀ ਆਓ ਜੋ ਅਕੁਲ ਹੈ ਕਿਸੇ ਕੁਲ ਵਿੱਚ ਨਹੀ ਆਇਆ। ਸਾਹਿਬ ਨੇ ਸ਼ਬਦ ਉਚਾਰਿਆ:-

ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥

ਏਥੇ ਜੈਨ ਮੰਦਰਾਂ ਵਿੱਚ ਵੀ ਜਾ ਕੇ ਨਿਰੰਕਾਰ ਦੇ ਨਾਮ ਦਾ ਪ੍ਰਚਾਰ ਕੀਤਾ। ਇਥੋਂ ਦੇ ਰਾਜੇ ਨੂੰ ਵੀ ਮਿਲੇ।

ਅੱਗੇ ਅਮਰਾਵਤੀ ਵਲ ਰਵਾਨਾ ਹੋ ਗਏ।

----◈----

**ਅਮਰਾਵਤੀ** - ਅਕੋਲਾ ਤੋਂ 100 ਕਿ. ਮੀ. ਦਾ ਪੈਂਡਾ ਤਹਿ ਕਰਕੇ ਸਾਹਿਬ ਹਿੰਦੂਮਤ ਦੇ ਪ੍ਰਸਿੱਧ ਤੀਰਥ ਅਸਥਾਨ ਅਮਰਾਵਤੀ ਪਹੁੰਚੇ। ਇੱਕ ਸਦੀ ਪਹਿਲਾਂ ਇਥੇ ਬੜਾ ਭਿਅੰਕਰ ਕਾਲ ਪਿਆ ਸੀ। ਲੋਕੀ ਇਥੋਂ ਉਠ ਕੇ ਮਾਲਵਾ (ਮੱਧ ਪ੍ਰਦੇਸ਼) ਤੇ ਗੁਜਰਾਤ ਵਲ ਹਿਜਰਤ ਕਰ



ਸਤਗਾਓ ਦਾ ਵਿਸ਼ਨੂ ਮੰਦਰ

ਗਏ ਸਨ। ਗੁਰੂ ਸਾਹਿਬ ਦੀ ਆਮਦ ਵੇਲੇ ਕੁਝ ਪਰਤ ਵੀ ਰਹੇ ਸਨ। ਅਮਰਾਵਤੀ ਓਨੀ ਦਿਨੀ ਰਿਆਸਤੀ ਰਾਜਧਾਨੀ ਤੇ ਹਿੰਦੂ ਤੇ ਜੈਨ ਮੰਦਰ (1097 ਈ. ਬਣਤਰ) ਲਈ ਪ੍ਰਸਿਧ ਸੀ। ਗੁਰੂ ਸਾਹਿਬ ਨੇ ਇਨਾਂ ਮੰਦਰਾਂ ਦੇ ਦਰਸ਼ਨ ਕੀਤੇ ਖਾਸ ਕਰਕੇ ਅੰਬਾਦੇਵੀ ਮੰਦਰ ਦੇ। ਇਹ ਉਹ ਅਸਥਾਨ ਹੈ ਜਿਥੋਂ ਭਗਵਾਨ



ਅਕੋਲਾ ਦਾ ਰਾਜ ਰਾਜੇਸ਼ਵਰ ਮੰਦਰ

ਕ੍ਰਿਸ਼ਨ ਰੁਕਮਣੀ ਨੂੰ ਕੱਢ ਕੇ ਲੈ ਗਇਆ ਸੀ ਕਿਉਕਿ ਰੁਕਮਣੀ ਦਾ ਭਰਾ ਉਨੂੰ ਰਾਜਾ ਸ਼ਿਸ਼ੂਪਾਲ ਨਾਲ ਵਿਆਉਣ ਤੇ ਉਤਾਰੂ ਸੀ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਜੁਗਾਂ ਜੁਗਾਂ ਦੇ ਰਾਜਿਆਂ ਤੇ ਮਿਥਿਹਾਸਕ ਪਾਤ੍ਰਾਂ ਨੂੰ ਪੂਜਣ ਦੇ ਬਿਜਾਏ ਸਰਬਵਿਆਪਕ ਨਿਰੰਕਾਰ ਦੇ ਨਾਮ ਨਾਲ ਜੁੜਨ ਦਾ ਉਪਦੇਸ ਦਿੱਤਾ।

ਸਾਹਿਬ ਨੇ ਉਪਦੇਸ਼ ਕੀਤਾ ਕੇ ਜੇ ਸੱਚ ਮੁਚ ਅਮਰਾਪੁਰੀ ਦੇ ਨਿਵਾਸੀ ਬਣਨਾ ਹੈ ਤਾਂ ਉਸ ਅਮਰ ਨਿਰੰਕਾਰ ਦੀ ਸ਼ਰਨ ਵਿੱਚ ਆਓ ਤੇ ਉਸ ਦੀ ਪਵਿਤਰ ਹੋਂਦ ਸਮਝੋ:-

ਮਾਰੂ ਮਹਲਾ ੧ ॥ ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥ ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥ ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥ ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥ ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥ ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥ ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥ ਮਰਣੁ ਲਿਖਾਇ ਮੰਡਲ ਮਹਿ ਆਏ ॥ ਕਿਉ ਰਹੀਐ ਚਲਣਾ ਪਰਥਾਏ ॥ ਸਚਾ ਅਮਰੁ ਸਚੇ ਅਮਰਾਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥ ਆਪਿ ਉਪਾਇਆ ਜਗਤੁ ਸਬਾਇਆ ॥ ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥ ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥ ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥ ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥ ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥ ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥ ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥ ਗਣਤ ਗਣੀਐ ਸਹਸਾ ਜੀਐ ॥ ਕਿਉ ਸੁਖੁ ਪਾਵੈ ਦੂਐ ਤੀਐ ॥ ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥ ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥ ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥ ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥ ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥ ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥ ਅੰਤ ਕਾਲਿ ਕੋ ਬੇਲੀ ਨਾਹੀ ॥ ਗੁਰਮੁਖਿ ਜਾਤਾ ਤੁਧੁ ਸਾਲਾਹੀ ॥ ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥

----◈----

**ਕੌਂਡਨਿਆਪੁਰ**- ਅਮਰਾਵਤੀ ਤੋਂ ਪੂਰਬ ਪਾਸੇ 40 ਕਿ.ਮੀ. ਦਾ ਪੈਂਡਾ ਕਰਕੇ ਸਾਹਿਬ ਕੌਂਡਨਿਆਪੁਰ (ਕੁੰਦਨਪੁਰੀ- ਮਹਾਂਭਾਰਤ) ਪਹੁੰਚੇ ਜਿਥੋਂ ਦੀ ਮਹਾਭਾਰਤ ਕਥਾ ਦੀ ਰੁਕਮਣੀ ਦੇਵੀ ਹੋਈ ਹੈ ਜੋ ਭਗਵਾਨ ਕ੍ਰਿਸ਼ਨ ਦੀ ਰਾਣੀ ਸੀ। ਜਿਵੇ ਮੱਧ ਕਾਲ ਵਿੱਚ ਬੁਹਰਾਨਪੁਰ ਦੱਖਣ ਦਾ ਦਰਵਾਜਾ ਗਿਣਿਆ ਜਾਂਦਾ ਸੀ ਮਹਾਂਭਾਰਤ ਕਾਲ ਵਿੱਚ ਕੁੰਦਨਪੁਰੀ ਦੱਖਣ-ਦਰਵਾਜਾ ਗਿਣੀ ਜਾਂਦੀ ਸੀ। ਇਥੋਂ ਹੀ ਫਿਰ ਦੱਖਣ ਤੇ ਅਯੁਧਿਆ, ਉਜੈਨ ਨੂੰ ਰਾਹ ਜਾਂਦੇ ਸਨ। ਅੱਜ ਇਹ ਕੌਂਦਨਿਆਪੁਰ ਕਰਕੇ ਜਾਣੀ ਜਾਂਦੀ ਹੈ ਤੇ ਜਿਲਾ ਅਮਰਾਵੱਤੀ ਦਾ ਛੋਟਾ ਜਿਹਾ ਕਸਬਾ ਰਹਿ ਗਇਆ ਹੈ। ਮਹਾਂਭਾਰਤ ਵਿੱਚ ਦਰਿਆ ਵਰਦਯਾਨੀ ਲਿਖਿਆ ਹੈ ਪਰ ਮੌਜੂਦਾ ਦਰਿਆ ਦਾ ਨਾਂ ਵਰਧਾ ਹੈ।

ਕੌਂਡਨਿਆਪੁਰ ਤੋਂ ਅੱਗੇ 95 ਕਿ. ਮੀ ਦਾ ਸਫਰ ਕਰਕੇ ਸਾਹਿਬ ਅਡਾਸਾ ਪਹੁੰਚੇ ਤੇ ਅੱਗੇ ਹੋਰ 40 ਕਿ. ਮੀ. ਚਲ ਕੇ ਰਾਮਟੇਕ।

----◈----

## ਰਾਮਟੇਕ – ਜਦੋ ਰਾਮਭੱਜ ਪਟੇਲ ਨੇ ਗਲੋਂ ਪੱਥਰ ਲਾਹ ਮਾਰਿਆ

- ਇਹ ਨਾਗਪੁਰ ਤੋਂ ਕੋਈ 40 ਕਿਲੋਮੀਟਰ ਹੈ। ਇਹ ਉਹ ਜਗਾਂ ਹੈ ਜਿੱਥੇ ਭਗਵਾਨ ਰਾਮ ਨੇ ਸੌਂਹ (ਟੇਕ- ਮਰਾਠੀ) ਖਾਧੀ ਕਿ ਇਲਾਕੇ ਵਿੱਚ ਕੋਈ ਦੈਂਤ ਜੀਂਦਾ ਨਹੀ ਛੱਡਣਾ। ਕਿਉਕਿ ਇਸ ਥਾਂ ਤੇ ਦੈਂਤਾ ਨੇ ਕਈ ਸਾਧੂ ਮਾਰ ਖਾਧੇ ਸਨ। ਭਗਵਾਨ ਰਾਮ ਆਪਣੇ ਬਣਵਾਸ ਦੇ ਦੌਰਾਨ ਕੁਝ ਸਮਾਂ ਏਥੇ ਵੀ ਰਹੇ ਸਨ। ਇਥੇ ਹੀ ਹਿੰਦੂਮਤ ਦੇ ਮਹਾਨ ਵਿਦਵਾਨ ਰਿਸ਼ੀ ਅਗਸਤ ਦਾ ਨਿਵਾਸ ਹੋਇਆ ਹੈ। ਇਹ ਮਾਨਤਾ ਹੈ ਕਿ ਕਵੀ ਕਾਲੀਦਾਸ ਨੇ 'ਮੇਗਦੂਤ' ਨਾਟਕ ਵੀ ਇਥੇ ਹੀ ਲਿਖਿਆ ਸੀ।

ਤੇ ਲਓ ਇਥੇ ਪੰਡਤਾਂ ਨੇ ਲੋਕਾਂ ਦੇ ਗਲੀਂ ਫਾਹ ਪਾਏ ਹੋਏ ਸਨ। ਹਰ ਕੋਈ 5-5 ਸੇਰ ਦੀਆਂ ਪੱਥਰ ਦੀ ਸਿਲ ਗਲ ਵਿੱਚ ਪਾਈ ਫਿਰਦਾ ਸੀ ਜਿਸ ਤੇ ਪੈਰਾਂ ਦੇ ਨਿਸ਼ਾਨ ਵਗੇ ਹੁੰਦੇ ਸਨ। ਪੁੱਛਣ ਤੇ ਪਤਾ ਲੱਗਾ ਕਿ ਇਹ ਭਗਵਾਨ ਰਾਮ ਦੀ ਚਰਨ ਪਾਦੁਕਾ ਹੈ। ਇਨੂੰ ਗਲ ਵਿੱਚ ਪਾਇਆਂ ਜਮਦੂਤ ਨੇੜੇ ਨਹੀ ਆਉਦਾ। ਸਿਰਫ ਏਨਾ ਹੀ ਨਹੀ: ਹਰ ਕੋਈ ਮੱਥੇ, ਡੌਲਿਆਂ ਤੇ ਛਾਤੀ ਤੇ ਵੀ ਚੰਦਨ ਨਾਲ ਚਰਨ ਪਾਦੁਕਾ ਵਾਹੀ ਫਿਰਦਾ ਸੀ। ਮਰਦਾਨਾ ਵੇਖ ਤਾਂ ਖਿੜ ਖਿੜਾ ਕੇ ਹੱਸੇ। ਬਾਬੇ ਕਿਹਾ ਮਰਦਾਨਿਆਂ ਇਹ ਪਾਉਣ ਵਾਲੇ ਦਾ




ਵਿੱਠਲ_ਰੁਕਮਣੀ ਮੰਦਰ ਕੌਂਡਨਿਆਪੁਰ

ਕਸੂਰ ਨਹੀ, ਕਸੂਰ ਪਵਾਉਣ ਵਾਲੇ ਦਾ ਹੈ। ਧਰਮ ਦੇ ਪ੍ਰਚਾਰਕ ਹੀ ਅਗਿਆਨੀ ਹਨ। ਮਰਦਾਨਿਆਂ ਇਨਾਂ ਲੋਕਾਂ ਤੇ ਤਰਸ ਕਰੋ। ਹੱਸੋ ਨਹੀ।

ਪ੍ਰਸਿੱਧੀ ਤਾਂ ਗੁਰੂ ਸਾਹਿਬ ਦੀ ਇਲਾਕੇ ਵਿੱਚ ਹੋ ਹੀ ਚੁੱਕੀ ਸੀ। ਗੁਰੂ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਉਹ ਲੋਕਾਈ ਦੇ ਦੁੱਖ ਦੂਰ ਕਰ ਦੇਣਗੇ। ਜਮ ਵੀ ਨੇੜੇ ਨਹੀ ਆਏਗਾ। ਇੱਕ ਦਿਨ ਫਿਰ ਵੱਡੇ ਮੇਲੇ ਤੇ ਗੁਰੂ ਸਾਹਿਬ ਨੇ ਚੜ੍ਹਦੀ ਕਲ੍ਹਾ ਦਾ ਸਿਧਾਂਤ ਸਭ ਲੋਕਾਂ ਨੂੰ ਸਮਝਾਇਆ ਤੇ ਸਤਿਕਰਤਾਰ, ਸਤਿਗੁਰੂ ਵਾਹਿਗੁਰੂ ਨਾਮ ਦੇ ਲੜ ਲਾਇਆ। ਸਾਰੀ ਸਭਾ ਕੀਲ ਕੇ ਫਿਰ ਐਲਾਨ ਕੀਤਾ ਕਿ ਲਾਹ ਦਿਓ ਹੁਣੇ ਇਹ ਪੱਥਰ, ਮਿਟਾ ਦਿਓ



ਰਾਮਟੇਕ

ਆਹ ਚਿੰਨ੍ਹ ਚਿਹਨ। ਰਾਮ ਦੇ ਨਾਮ ਦੀ ਸਿਲ ਗਲ ਨਹੀ ਹਿਰਦੇ ਵਿੱਚ ਪਾਓ।

ਓਦੋਂ ਫਿਰ ਰਾਮਭੱਜ ਪਟੇਲ ਨਾਮੀ ਬੰਦਾ ਸਭ ਤੋਂ ਪਹਿਲਾਂ ਅੱਗੇ ਆਇਆ ਤੇ ਗਲੋਂ ਪੱਥਰ ਲਾਹ ਕੇ ਔਹ ਮਾਰਿਆ। ਵੇਖਾ ਵੇਖੀ ਫਿਰ ਹਰ ਕੋਈ ਅਜਾਦ ਹੋ ਗਿਆ। ਸੁਖ ਦਾ ਸਾਹ ਲਿਆ। ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਰਾਮਟੇਕ ਦੀ ਪਹਾੜੀ ਗੂੰਜ ਉਠੀ।

ਸੋ ਇਸ ਪ੍ਰਕਾਰ ਗੁਰੂ ਸਾਹਿਬ ਨੇ ਇਥੇ ਲੋਕਾਈ, ਸਾਧੂ ਸੰਤਾਂ ਤੇ ਜੈਨ ਰਿਸ਼ੀ ਮੁਨੀਆਂ ਨੂੰ ਇੱਕ ਨਿਰੰਕਾਰ ਦੀ ਹੋਂਦ ਦਾ ਸੁਨੇਹਾ ਦਿੱਤਾ। ਇਥੇ ਵੀ ਧਰਮਸਾਲ ਬਣ ਗਈ ਸੀ ਜੋ 19ਵੀ ਸਦੀ ਤੱਕ ਕਾਇਮ ਰਹੀ। ਸੁਰਿੰਦਰ ਸਿੰਘ ਕੋਹਲੀ ਨੇ ਲਿਖਿਆ ਹੈ ਕਿ ਰਾਮਟੇਕ ਵਿਖੇ ਗੁਰੂ ਸਾਹਿਬ ਦੀ ਯਾਦਗਾਰ ਵੀ ਬਣੀ ਹੋਈ ਹੈ। ਅਸੀ ਪੁੱਛ ਪੜਤਾਲ ਕੀਤੀ ਤੇ ਪਤਾ ਲੱਗਾ ਕਿ ਅੱਜ ਇਥੇ ਕੋਈ ਗੁਰਦਵਾਰਾ ਨਹੀ ਹੈ। ਹੋ ਸਕਦਾ ਸਿੱਖ ਉਦਾਸੀਆਂ ਦੇ ਪਤਨ ਕਾਰਨ ਅਲੋਪ ਹੋ ਗਿਆ ਹੋਵੇ।

ਰਾਮਟੇਕ ਵਿਖੇ ਸਾਹਿਬ ਨੇ ਸਾਧੂ ਸੰਤਾਂ ਦੀ ਮੌਜੂਦਗੀ ਵਿੱਚ ਬਹੁਤ ਬਾਣੀ ਰਚੀ। ਮਰਦਾਨੇ ਦੀ ਰਬਾਬ ਦੀ ਧੁੰਨ ਪਹਾੜੀ ਤੋਂ ਦੂਰ ਦੂਰ ਤੱਕ ਸੁਣਾਈ ਦਿਆ ਕਰਦੀ ਸੀ। ਗੁਰੂ ਸਾਹਿਬ ਵੀ ਉੱਚੀ ਅਵਾਜ ਵਿੱਚ ਗਾਇਆ ਕਰਦੇ ਸਨ। ਰਾਮਟੇਕ ਤਾਂ ਸੱਚਮੁੱਚ ਸੱਚਖੰਡ ਬਣ ਚੁੱਕਾ ਸੀ।

ਮਾਰੂ ਮਹਲਾ ੧ ॥ ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥ ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥ ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥ ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥ ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥ ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥ ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥ ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥ ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥ ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥ ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥ ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥ ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥ ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥ ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥ ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥

ਸਾਧੂਆਂ, ਪੰਡਤਾਂ, ਜੈਨ ਮੁੰਨੀਆਂ ਨੂੰ ਇਹੋ ਉਪਦੇਸ਼ ਦਿੱਤਾ ਕਿ ਲੋਕਾਂ ਨੂੰ ਕੁਰਾਹੇ ਨਾਂ ਪਾਓ। ਲੋਕਾਈ ਨੂੰ ਪ੍ਰਭੂ ਦੀ ਰਜਾ ਵਿੱਚ ਚਲਣ ਦਾ ਉਪਦੇਸ਼ ਦਿਓ। ਆਪ ਅਨੰਦਤ ਹੋ ਜਾਓ ਤੇ ਲੋਕਾਈ ਨੂੰ ਸੁਖ ਦਿਓ:

ਗਉੜੀ ਮਹਲਾ ੧ ॥ ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥ ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥ ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥ ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥ ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥ ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥ ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ ॥ ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ ਦਰਿ ਘਰਿ ਏਕੰਕਾਰੁ ॥੪॥੭॥

ਰਾਮਟੇਕ ਤੋਂ ਗੁਰੂ ਸਾਹਿਬ ਫਿਰ ਵਾਪਸ ਲੱਗ ਪਗ ਓਸੇ ਪਾਸੇ ਨੂੰ ਪਰਤ ਆਏ ਭਾਵ ਖਾਨਦੇਸ਼ ਦੇ ਇਲਾਕੇ ਵਲ।

## ਅਗਲੀ ਮੰਜਿਲ ਓਂਕਾਰੇਸ਼ਵਰ ਜੋਤੀਲਿੰਗ ਮੰਦਰ

ਰਾਮਟੇਕ (ਮਹਾਰਾਸ਼ਟਰ) ਤੋਂ ਚਲਕੇ ਗੁਰੂ ਸਾਹਿਬ ਅੜਾਸਾ, ਮੋਰਸ਼ੀ, ਮਾਰਕੰਡਾ, ਪਾਰਤਵਾੜਾ, ਗਾਵਿਲਗੜ੍ਹ, ਨਰਨਾਲਾ ਕਿਲਾ, ਹੁੰਦੇ ਹੋਏ ਤਾਪਤੀ ਪਾਰ ਕਰਕੇ ਕੋਈ 350 ਕਿ.ਮੀ. ਦਾ ਪੈਂਡਾ ਕਰਕੇ ਬੁਰਹਾਨਪੁਰ ਪਹੁੰਚੇ। ਲਗਦਾ ਹੈ ਸਾਹਿਬ ਨੇ ਮਲਕਾਪੁਰ (ਜਿਲਾ ਬੁਲਢਾਣਾ) ਬੁਰਹਾਨਪੁਰ ਰਹਿੰਦੇ ਹੋਏ ਗਾਹਿਆ ਸੀ। ਇਹ ਸ਼ਹਿਰ ਓਦੋਂ ਅਜੇ ਇੱਕ ਸਦੀ ਪਹਿਲਾਂ ਖਾਂਦੇਸ਼ ਦੇ ਰਾਜੇ ਨੇ ਅਬਾਦ ਕੀਤਾ ਸੀ।